# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | e-Magazine



ਭਾਈ ਚਾਂਦ ਰਬਾਬੀ

ਸੰਪਾਦਕ
ਡਾ. ਜਾਗੀਰ ਸਿੰਘ

ਦਸੰਬਰ ੨੦੨੫



ਚੰਚਲ ਬੁੱਧੀ ਟਿੱਕ ਨ ਬਹਿੰਦੀ,
ਉਡਦੀ ਫਿਰੇ ਅਕਾਸ਼ਾਂ ਹੂ।
ਨਾਮ ਹਰੀ ਦਾ ਮੂਲ ਨ ਜਪਿਆ,
ਲਾਈਆਂ ਵੱਡੀਆਂ ਆਸਾਂ ਹੂ।
ਮਨ ਦਾ ਘੋੜਾ ਨਸਿਆ ਫਿਰਦਾ,
ਵੱਡੀਆਂ ਖੁਲ੍ਹੀਆਂ ਰਾਸਾਂ ਹੂ।
ਸੰਤੋਖ ਰਬ ਦਰ, ਤੇਰਾ ਛਡ ਕੇ
ਹੋਰ ਕਿਹੜੇ ਦਰ ਜਾਸਾਂ ਹੂ।

ਪੁਸਤਕ – ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ

ਸਹਿਯੋਗੀ
ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ
ਅਤੇ ਸ. ਅਰਸ਼ਦੀਪ ਸਿੰਘ

* ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

* 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

* ਅੰਮ੍ਰਿਤ ਕੀਰਤਨ ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 98556 40630
e-mail: drjagirsingh@gmail.com
Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ
**ਮੈਜੇਸਟਿਕ ਪ੍ਰਿੰਟਿੰਗ ਪ੍ਰੈਸ**
ਬੇ-ਸ਼ਾਪ ਨੰ: 7, ਫੇਜ਼ 7, ਮੁਹਾਲੀ
ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ
ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


**ਕਰਉ ਬੇਨੰਤੀਆ**
ਜੋ ਤੁਧੁ ਭਾਵੇ ਸੋਈ ਚੰਗਾ 2

**ਭਾਈ ਚਾਂਦ ਦੀ ਕੀਰਤਨ ਕਲਾ** 5
ਤ੍ਰਿਲੋਕ ਚੰਦ ਨਾਗਪਾਲ (ਟੀ.ਸੀ. ਨਾਗਪਾਲ)

**ਆਦਰਸ਼ ਕੀਰਤਨੀਏ ਦੇ ਗੁਣ** 18
ਡਾ. ਜਾਗੀਰ ਸਿੰਘ

**ਰਾਗ ਪਟ ਬਿਹਾਗ** 20
ਗੁਰਬਖਸ਼ ਸਿੰਘ


**ਮੈਗਜੀਨ ਦਾ ਸਾਲਾਨਾ ਚੰਦਾ ਕੋਰੀਅਰ ਰਾਹੀਂ 600/-ਰੁਪਏ**

**ਮੈਗਜੀਨ ਦਾ ਚੰਦਾ ਆਪ ਜੀ ਆਨਲਾਈਨ ਹੇਠ ਲਿਖੇ ਅਨੁਸਾਰ ਭੇਜ ਸਕਦੇ ਹੋ।**

**AMRIT KIRTAN TRUST**
Saving Bank A/c No. **65079603302**, IFSC: **SBIN0018141** in the State Bank of India, Phase 3B2, Mohali Punjab Branch. After such a Deposit, please inform us your Aadhar No., Pan No., Name & Address as also the deposit details to enable us to send you the receipt.

Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are :

**AMRIT KIRTAN TRUST**
Saving Bank A/c No. **65079603302**, IFSC: **SBIN0018141** in the State Bank of India, Phase 3B2, Mohali Punjab Branch. After such a Deposit, please inform us your Aadhar No., Pan No., Name & Address as also the deposit details to enable us to send you the receipt.

# ਜੋ ਤੁਧੁ ਭਾਵੈ ਸੋਈ ਚੰਗਾ

ਮੈਂ ਗੁਰੂ ਨਾਨਕ ਦੇਵ ਜੀ ਦਾ ਸ਼ਬਦ 'ਮਨੁ ਮੰਦਰੁ ਤਨ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ'ਬਹੁਤ ਵਾਰੀ ਗਾਇਨ ਕਰਦਾ ਰਿਹਾ ਹਾਂ। ਇਸ ਦੇ ਭਾਵਾਂ ਦੀ ਤਰਲਤਾ ਅਤੇ ਸਰਲਤਾ ਮੇਰੇ ਅਤੇ ਸਰੋਤਿਆਂ ਦੇ ਮਨ ਟੁੰਬਦੀ ਰਹੀ ਹੈ। ਆਮ ਤੌਰ ਤੇ ਇਸ ਸ਼ਬਦ ਦੀਆਂ ਰਹਾਉ ਦੀਆਂ ਤੁਕਾਂ ਨੂੰ ਸਥਾਈ ਬਣਾਕੇ ਗਾਇਨ ਕਰਦਾ ਹਾਂ-

**'ਮਨੁ ਬੇਧਿਆ ਦਇਆਲ ਸੇਤੀ ਮੇਰੀ ਮਾਈ॥**
**ਕਉਣੁ ਜਾਣੈ ਪੀਰ ਪਰਾਈ॥ ਹਮ ਨਾਹੀ ਚਿੰਤ ਪਰਾਈ' ॥ ਰਹਾਉ॥**

ਇਸ ਸ਼ਬਦ ਦੀਆਂ ਆਖਰੀ ਪੰਗਤੀਆਂ ਜੋ ਸੁਨੇਹਾ ਦਿੰਦੀਆਂ ਹਨ ਉਸ ਨਾਲ ਭਟਕਦੇ ਮਨ ਨੂੰ ਧਰਵਾਸ ਮਿਲਦੀ ਹੈ-

**ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ॥**
**ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥** (੭੯੫)

ਮਨੁੱਖ ਆਮ ਤੌਰ ਤੇ ਨਕਾਰਾਤਮਕ ਸੋਚ ਦਾ ਧਾਰਨੀ ਹੈ। ਕਿਹਾ ਵੀ ਜਾਂਦਾ ਹੈ 'ਹਸਾਏ ਦਾ ਨਾਂ ਨਹੀਂ ਹੁੰਦਾ ਰੁਆਏ ਦਾ ਨਾਂ ਹੁੰਦਾ ਹੈ, ਸਾਰਾ ਦਿਨ ਸਾਡੀਆਂ ਸਿਫਤਾਂ ਹੁੰਦੀਆਂ ਰਹਿਣ ਤਾਂ ਅਸੀਂ ਬਹੁਤਾ ਨਹੀਂ ਸੋਚਦੇ ਪਰ ਸ਼ਾਮ ਵੇਲੇ ਕੋਈ ਨਿੱਕੀ ਜਿਹੀ ਮਾੜੀ ਗੱਲ ਵੀ ਸਾਡੇ ਬਾਰੇ ਕਹਿ ਦੇਵੇ ਤਾਂ ਸਾਡੀ ਰਾਤ ਦੀ ਨੀਂਦ ਖਰਾਬ ਹੋ ਜਾਂਦੀ ਹੈ।

ਮੇਰੀ ਪਤਨੀ ਪੀ.ਜੀ.ਆਈ ਵਿੱਚ ਨੌਕਰੀ ਕਰਦੀ ਰਹੀ ਹੈ। ਇਸ ਹਸਪਤਾਲ ਦਾ ਉਂਜ ਤਾਂ ਨਾਮ ਹੈ ਪੋਸਟ ਗ੍ਰੈਜੂਏਟ ਇੰਸਟੀਚਿਊਟ ਪਰ ਸਧਾਰਨ ਲੋਕ ਕਈ ਵਾਰ ਇਸ ਨੂੰ ਪਰਲੋਕ ਗਮਨ ਇੰਸਟੀਚਿਊਟ ਆਖ ਦਿੰਦੇ ਹਨ। ਇੰਜ ਦਾ ਪ੍ਰਭਾਵ ਪਾਇਆ ਜਾਂਦਾ ਹੈ ਕਿ ਜਿਹੜਾ ਪੀ.ਜੀ.ਆਈ. ਆ ਜਾਵੇ ਉਹ ਤਾਂ ਬੱਸ ---। ਇਸ ਹਸਪਤਾਲ ਦਾ ਪ੍ਰਬੰਧ ਇਲਾਜ ਪੱਖੋਂ ਦੁਨੀਆਂ ਭਰ ਵਿੱਚ ਮਸ਼ਹੂਰ ਹੈ। ਸਰਕਾਰੀ ਸੰਸਥਾ ਹੋਣ ਕਰਕੇ ਇਲਾਜ ਉਚਿਤ ਅਤੇ ਸਸਤਾ ਹੁੰਦਾ ਹੈ। ਪਰ ਭੀੜ ਬਹੁਤ ਹੁੰਦੀ ਹੈ। ਲੋਕਾਂ ਵਿੱਚ ਇਹ ਵੀ ਪ੍ਰਭਾਵ ਹੈ ਕਿ ਬਾਹਰਲੇ ਹਸਪਤਾਲਾਂ ਵਾਲੇ ਪਹਿਲਾਂ ਮਰੀਜ਼ਾਂ ਦਾ ਇਲਾਜ ਕਰਦੇ ਰਹਿੰਦੇ ਹਨ ਅਤੇ ਪੈਸੇ ਕਮਾਉਂਦੇ ਹਨ ਤੇ ਜਦੋਂ ਕੇਸ ਵਿਗੜ ਜਾਂਦਾ ਹੈ ਤਾਂ ਉਹ ਪੀ.ਜੀ.ਆਈ. ਭੇਜ ਦਿੰਦੇ ਹਨ ਤੇ ਪੀ.ਜੀ.ਆਈ. ਵਾਲੇ ਇਨਕਾਰ ਨਹੀਂ ਕਰ ਸਕਦੇ। ਤੇ ਇੰਜ ਜਦੋਂ ਵਿਗੜੇ ਹੋਏ ਕੇਸ ਇੱਥੇ ਆਉਂਦੇ ਹਨ ਤਾਂ ਸ਼ਾਇਦ ਮੌਤ ਦੀ ਦਰ ਇਸ ਨਾਲ ਵੀ ਵਧਦੀ ਹੋਵੇ। ਇੱਥੇ ਠੀਕ ਕਿਤਨੇ ਹੁੰਦੇ ਹਨ, ਇਸ ਦੀ ਗਿਣਤੀ ਨਹੀਂ ਕੀਤੀ ਜਾਂਦੀ ਮੌਤਾਂ ਕਿਤਨੀਆਂ ਹੋਈਆ ਇਸ ਦੀ ਬਦਨਾਮੀ ਵਧੇਰੇ ਕੀਤੀ ਜਾਂਦੀ ਹੈ।

ਸਾਨੂੰ ਆਪਣੇ ਜੀਵਨ ਵਿੱਚ ਭਵਿੱਖ ਦਾ ਫਿਕਰ ਵਧੇਰੇ ਰਹਿੰਦਾ ਹੈ ਕਿ ਕਿਧਰੇ ਕੋਈ ਬੁਰਾ ਨਾ ਵਾਪਰ ਜਾਵੇ। ਭਾਵੇਂ ਧਾਰਮਿਕ ਸਿੱਖਿਆਵਾਂ ਸਾਨੂੰ ਇਹ ਦ੍ਰਿੜ ਕਰਾਉਂਦੀਆਂ ਹਨ ਕਿ ਜੋ ਵੀ ਵਾਪਰਦਾ ਹੈ ਉਹ ਸਮੁੱਚੇ ਤੌਰ ਤੇ ਚੰਗਾ ਹੀ ਹੁੰਦਾ ਹੈ। ਪਰ ਅਸੀਂ ਉਸ ਨੂੰ ਸਮਝ ਨਹੀਂ ਸਕਦੇ। ਇਸੇ ਲਈ ਗੁਰਬਾਣੀ ਵਿੱਚ ਆਖਿਆ ਹੈ-

**ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ॥** (੬੧੩)

ਅਰਥਾਤ, ਹੇ ਪ੍ਰਭੂ, ਤੂੰ ਸਾਡੇ ਵਾਸਤੇ ਭਲਿਆਈ ਕਰਦਾ ਹੈਂ, ਪਰ ਅਸੀਂ ਤੇਰੀ ਭਲਿਆਈ ਦੀ ਕਦਰ ਨਹੀਂ ਜਾਣਦੇ। ਫਿਰ ਵੀ ਤੂੰ ਸਾਡੇ ਉੱਤੇ ਸਦਾ ਹੀ ਦਇਆਵਾਨ ਰਹਿੰਦਾ ਹੈਂ।

ਗੁਰਬਾਣੀ ਵਿੱਚ ਭਲਾ ਸ਼ਬਦ ਵੀ ਕਮਾਲ ਦਾ ਹੈ ਅਤੇ ਇਸ ਦੇ ਵੱਖ ਵੱਖ ਥਾਵਾਂ ਤੇ ਵਰਤੇ ਗਏ ਪ੍ਰਸੰਗਾਂ ਨੂੰ ਵਾਚਣਾ ਵੀ ਅਤਿਅੰਤ ਸਿੱਖਿਆਦਾਇਕ ਹੈ।

**ਤੂ ਕਰਹਿ ਸੁ ਸਚੇ ਭਲਾ ਹੈ ਗੁਰ ਸਬਦਿ ਬੁਝਾਈ ॥** (੩੦੧)
**ਸਭ ਤੇਰੀ ਬਣਤ ਬਣਾਵਣੀ ਨਾਨਕ ਭਲ ਭਲਾ ॥** (੩੦੪)
**ਜੋ ਤੁਧੁ ਭਾਵੈ ਸੋ ਭਲਾ ਸਚ ਤੇਰਾ ਭਾਣਾ ॥** (੩੧੮)
**ਜੋ ਤੁਧੁ ਭਾਵੈ ਸੋ ਭਲਾ ਨਾਨਕ ਦਾਸ ਸਰਣਾ ॥** (੩੨੩)

ਆਸਾ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦਾ ਇੱਕ ਪੂਰਾ ਸ਼ਬਦ ਇਸ ਆਸ਼ੇ ਨੂੰ ਪ੍ਰਗਟਾਉਂਦਾ ਹੈ-

**ਆਸਾ ਮਹਲਾ ੧**
**ਕੀਤਾ ਹੋਵੈ ਕਰੇ ਕਰਾਇਆ ਤਿਸੁ ਕਿਆ ਕਹੀਐ ਭਾਈ ॥**
**ਜੋ ਕਿਛੁ ਕਰਣਾ ਸੋ ਕਰਿ ਰਹਿਆ ਕੀਤੇ ਕਿਆ ਚਤੁਰਾਈ ॥੧॥**
**ਤੇਰਾ ਹੁਕਮੁ ਭਲਾ ਤੁਧੁ ਭਾਵੈ ॥**
**ਨਾਨਕ ਤਾ ਕਉ ਮਿਲੈ ਵਡਾਈ ਸਾਚੇ ਨਾਮਿ ਸਮਾਵੈ ॥੧॥ ਰਹਾਉ ॥**
**ਕਿਰਤ ਪਇਆ ਪਰਵਾਣਾ ਲਿਖਿਆ ਬਹੁੜਿ ਹੁਕਮੁ ਨ ਹੋਈ ॥**
**ਜੈਸਾ ਲਿਖਿਆ ਤੈਸਾ ਪੜਿਆ ਮੇਟਿ ਨ ਸਕੈ ਕੋਈ ॥੨॥**
**ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ ॥**
**ਸਤਰੰਜ ਬਾਜੀ ਪਕੈ ਨਾਹੀ ਕਚੀ ਆਵੈ ਸਾਰੀ ॥੩॥**
**ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥**
**ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥੪॥** (੩੫੯)
**ਜੋ ਕਿਛੁ ਕਰੈ ਭਲਾ ਕਰ ਮਾਨਉ ਸਹਜ ਜੋਗ ਨਿਧਿ ਪਾਵਉ ॥** (੩੫੯)
**ਜੋ ਤੁਧੁ ਭਾਵੈ ਸੋ ਭਲਾ ਤੇਰੈ ਭਾਣੈ ਕਾਰਜ ਰਾਸਿ ॥** (੪੩੧)
**ਜੋ ਤੁਧੁ ਭਾਵੈ ਸੋ ਭਲਾ ਪਿਆਰੇ ਤੇਰੀ ਅਮਰੁ ਰਜਾਇ ॥** (੪੩੨)
**ਥਥੈ ਥਾਨਿ ਥਨੰਤਰਿ ਸੋਈ ਜਾ ਕਾ ਕੀਆ ਸਭੁ ਹੋਆ ॥**
**ਕਿਆ ਭਰਮੁ ਕਿਆ ਮਾਇਆ ਕਹੀਐ ਜੋ ਤਿਸ ਭਾਵੈ ਸੋਈ ਭਲਾ ॥** (੪੩੩)
**ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ॥**
**ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ॥** (੭੨੨)
**ਜੋ ਵਰਤਾਏ ਸੋਈ ਭਲਾ ॥** (੯੯੦)
**ਜੋ ਕਿਛੁ ਕਹੈ ਸੁ ਭਲਾ ਕਰਿ ਮਾਨੈ ਨਾਨਕ ਨਾਮੁ ਵਖਾਣੈ ॥** (੧੧੩੨)

ਜੋ ਕੁਝ ਵੀ ਹੁੰਦਾ ਹੈ ਉਹ ਅੰਤਿਮ ਤੌਰ ਤੇ ਅਤੇ ਸਮੁੱਚੇ ਵਰਤਾਰੇ ਲਈ ਚੰਗਾ ਹੁੰਦਾ ਹੈ ਇਸ ਬਾਰੇ ਉਜ ਤਾਂ ਕਈ ਕਥਾਵਾਂ ਸੁਣਦੇ ਪੜ੍ਹਦੇ ਹਾਂ ਪਰ ਇੱਕ ਕਹਾਣੀ ਬਹੁਤੀ ਵਾਰੀ ਸੁਣੀ ਪੜ੍ਹੀ ਜਾਂਦੀ ਹੈ-

ਆਖਦੇ ਹਨ ਕਿਸੇ ਹਾਦਸੇ ਵਿੱਚ ਇੱਕ ਰਾਜੇ ਦੀ ਉਗਲ ਕੱਟੀ ਗਈ ਤਾਂ ਉਸ ਦੇ ਸਿਆਣੇ ਵਜ਼ੀਰ ਨੇ ਕਿਹਾ 'ਇਸ ਵਿੱਚ ਵੀ ਕੋਈ ਭਲਾਈ ਹੋਵੇਗੀ।' ਰਾਜੇ ਨੂੰ ਗੁੱਸਾ ਆ ਗਿਆ ਤੇ ਉਸ ਨੇ ਵਜ਼ੀਰ ਨੂੰ ਕੈਦ ਦੀ ਸਜ਼ਾ ਸੁਣਾ ਦਿੱਤੀ।

ਇੱਕ ਦਿਨ ਰਾਜਾ ਜੰਗਲ ਵਿੱਚ ਸ਼ਿਕਾਰ ਖੇਡਣ ਗਿਆ ਤੇ ਕਿਸੇ ਜੰਗਲੀ ਕਬੀਲੇ ਦੇ ਕਾਬੂ ਆ ਗਿਆ। ਜੰਗਲੀ ਕਬੀਲੇ ਨੇ ਆਪਣੇ ਦੇਵਤੇ ਨੂੰ ਇਸ ਰਾਜੇ ਦੀ ਬਲੀ ਦੇਣ ਬਾਰੇ ਸੋਚਿਆ। ਅਜੇ ਉਹ ਬਲੀ ਦੇਣ ਦੀ ਤਿਆਰੀ ਹੀ ਕਰ ਰਹੇ ਸਨ ਕਿ ਪੁਜਾਰੀ ਦੀ ਨਜਰ ਉਸ ਦੇ ਹੱਥ ਤੇ ਪਈ ਉਸ ਨੇ ਵੇਖਿਆ ਕਿ ਉਸ ਦੀ ਇੱਕ ਉੱਗਲ ਕੱਟੀ ਹੋਈ ਹੈ। ਪੁਜਾਰੀ ਨੇ ਕਿਹਾ ਕਿ ਰਾਜੇ ਦੀ ਬਲੀ ਨਹੀਂ ਦਿੱਤੀ ਜਾ ਸਕਦੀ ਕਿਉਂਕਿ ਇਸ ਦਾ ਸਰੀਰ ਸਬੂਤਾ ਨਹੀਂ ਹੈ। ਉਹਨਾਂ ਰਾਜੇ ਨੂੰ ਛੱਡ ਦਿੱਤਾ। ਰਾਜਾ ਖੁਸ਼ੀ ਖੁਸ਼ੀ ਵਾਪਸ ਆਪਣੇ ਰਾਜ ਮਹਿਲ ਵਿੱਚ ਪਹੁੰਚ ਗਿਆ ਤੇ ਵਜ਼ੀਰ ਨੂੰ ਕੈਦ ਤੋਂ ਮੁਕਤ ਕਰਕੇ ਉਸ ਤੋਂ ਮੁਆਫੀ ਮੰਗੀ ਤੇ ਕਹਿਣ ਲੱਗਾ ਕਿ ਉਂਗਲ ਕੱਟੀ ਹੋਣ ਕਰਕੇ ਮੇਰੀ

ਜਾਨ ਬਚ ਗਈ। ਇੰਜ ਇਹ ਤਾਂ ਚੰਗਾ ਹੀ ਹੋਇਆ। ਪਰ ਮੈਂ ਤੈਨੂੰ ਕੈਦ ਕੀਤਾ ਇਹ ਚੰਗਾ ਨਹੀਂ ਹੋਇਆ। 'ਵਜ਼ੀਰ ਨੇ ਕਿਹਾ, 'ਰਾਜਨ, ਇਹ ਵੀ ਚੰਗਾ ਹੀ ਹੋਇਆ ਜੇ ਮੈਂ ਕੈਦ ਨਾ ਹੁੰਦਾ ਤਾਂ ਮੈਂ ਵੀ ਤੇਰੇ ਨਾਲ ਜੰਗਲੀ ਕਬੀਲੇ ਦੇ ਕਾਬੂ ਆ ਜਾਣਾ ਸੀ ਤੇ ਮੇਰੀ ਬਲੀ ਦੇ ਦਿੱਤੀ ਜਾਣੀ ਸੀ। '

ਕਿਸੇ ਵੀ ਘਟਨਾ ਦੇ ਵਾਪਰਨ ਤੇ ਥੋਹੜਾ ਧਰੀਜ ਰੱਖੀਏ ਅਤੇ ਇਸ ਦੇ ਚੰਗੇ ਹੋਣ ਦਾ ਵਿਸ਼ਵਾਸ ਕਰੀਏ ਤਾਂ ਹੋਰ ਕੁਝ ਨਹੀਂ ਤਾਂ ਅਸੀਂ ਬਹੁਤੀ ਦੇਰ ਕੁੜ੍ਹਨ ਤੋਂ ਬਚ ਜਾਂਵਾਂਗੇ ਤੇ ਆਪਣੇ ਅਗਲੇਰੇ ਕਾਰਜ ਚੰਗੀ ਤਰ੍ਹਾਂ ਕਰ ਸਕਾਂਗੇ ਇੰਜ ਕੁਝ ਕਸ਼ਟਦਾਇਕ ਘਟਨਾਵਾਂ ਦੇ ਮਾੜੇ ਪ੍ਰਭਾਵ ਤੋਂ ਬਚੇ ਰਹਿ ਸਕਦੇ ਹਾਂ। ਇਸ ਲਈ ਹਰ ਵੇਲੇ ਯਾਦ ਰੱਖੀਏ–

'ਜੋ ਤੁਧੁ ਭਾਵੈ ਸੋਈ ਚੰਗਾ'। ------ਭੁੱਲ ਚੁੱਕ ਖਿਮਾ------ਜਾਗੀਰ ਸਿੰਘ

**ਹੁਣ ਆਪ ਜੀ 'ਅੰਮ੍ਰਿਤ ਕੀਰਤਨ' ਦੇ ਸਾਰੇ ਪੁਰਾਣੇ ਅੰਕ**
https://amritkirtan.com/magazine.html **ਤੇ ਪੜ੍ਹ ਸਕਦੇ ਹੋ।**

# ਭਾਈ ਚਾਂਦ ਦੀ ਕੀਰਤਨ ਕਲਾ

**ਤ੍ਰਿਲੋਕ ਚੰਦ ਨਾਗਪਾਲ (ਟੀ.ਸੀ. ਨਾਗਪਾਲ)**

ਪਿਛਲੇ ਅੰਕ ਵਿਚ ਦਾਸ ਨੇ ਸਵ: ਭਾਈ ਚਾਂਦ ਰਬਾਬੀ ਜੀ ਦੀ ਕਲਾਕਾਰੀ ਸੰਬੰਧੀ ਇਕ ਉਰਦੂ-ਕਵਿਤਾ ਨੂੰ ਪੰਜਾਬੀ-ਲਿਪੀ ਵਿਚ ਅਰਥਾਂ ਸਹਿਤ ਥੋੜਾ ਸਰਲ ਕਰਕੇ ਆਪਣੇ ਅਜ਼ੀਜ਼ ਅਤੇ ਮਾਨਯੋਗ ਪਾਠਕਾਂ ਦੇ ਰੂਬਰੂ ਪੇਸ਼ ਕੀਤਾ ਸੀ। ਹੁਣ ਉਸੇ ਸਬੰਧ ਵਿਚ ਦਾਸ ਕੁਝ ਵਜ਼ਾਹਤ ਨਾਲ ਨਸਰ ਦੀ ਸ਼ਕਲ ਵਿਚ ਕੁਝ ਹੋਰ ਵਿਚਾਰ ਪੇਸ਼ ਕਰਦਾ ਹੈ। ਵਾਜਹਿ ਰਹੇ : ਕਿ ਕੋਈ ਭੀ ਦੁਨੀਆਂਦਾਰੀ ਸ਼ਖਸ ਦੁਨੀਆਂ ਵਿਚ ਕਿੰਨਾ ਭੀ ਆਲਮ-ਫਾਜਲ ਦਾਨਿਸ਼ਮੰਦ ਕਿਉਂ ਨਾ ਹੋਵੇ ਉਸਦੇ ਵਿਚਾਰ ਯਾ ਕੋਈ ਇਕ ਖਾਸ ਵਿਚਾਰ ਕਦੇ ਆਖਿਰੀ ਅਤੇ ਕੱਤਈ ਨਹੀਂ ਹੁੰਦੇ। ਹਰ ਵਿਚਾਰ ਦੀ ਤਰਦੀਦ ਹੋ ਸਕਦੀ ਹੈ। ਪ੍ਰੰਤੂ ਇਹ ਅਸੂਲ ਰੱਬੀ ਯਾਦ ਪਿਆਰ ਵਿਚ (ਮੁਸਤਗਰਕ) ਗਹਿਰੀਆਂ ਡੁੱਬੀਆਂ ਇਕ ਸੁਰ ਹੋਈਆਂ ਪੁੱਗੀਆਂ ਰੂਹਾਂ ਉੱਤੇ ਲਾਗੂ ਨਹੀਂ ਹੁੰਦਾ। ਹਾਂ : ਗੁਰਬਾਣੀ ਦਾ ਇਕ ਫੁਰਮਾਣ ਹੈ ਕਿ :

**"ਸਭਨਾ ਉਪਰਿ ਨਦਰਿ ਪ੍ਰਭ ਤੇਰੀ॥ ਕਿਸੈ ਥੋੜੀ ਕਿਸੈ ਹੈ ਘਣੇਰੀ॥**

**(ਮਾਝ ਮ: ੩ ਪੰਨਾ ੧੧੯)**

ਸੋ ਅਰਜ਼ ਕਰਨ ਤੋਂ ਭਾਵ ਕਿ ਉਪਰੋਕਤ ਸਵ: ਭਾਈ ਚਾਂਦ ਜੀ ਉਪਰ ਭੀ ਈਸ਼ਵਰ ਪ੍ਰਭੂ ਦੀ ਕੁਝ ਖਾਸ ਵਧੇਰੇ ਹੀ ਨਦਰ ਸੀ। ਜੋ ਕਿ ਮੁਕਾਬਲਤਨ ਇਨ੍ਹਾਂ ਨੂੰ ਪ੍ਰਭੂ ਨੇ ਇੱਕਠੇ ਦਰਜਨਾਂ ਵਧੇਰੇ ਹੀ ਗੁਣ ਬਖਸ਼ੇ ਸਨ। ਹਾਂ ਪਹਿਲੇ ਦਾਸ ਇਨ੍ਹਾਂ ਦਾ ਕੁਝ ਕੁ ਹਸਬ-ਨਸਬ ਬਿਆਨ ਕਰਦਾ ਹੈ। ਆਪ ਜੀ ਦਾ ਬਚਪਨ-ਨਾਮ ਚਰਾਗ਼ ਸੀ। ਅਤੇ ਬਾਦ-ਅਜ਼ਾਂ ਆਪ ਜੀ ਦੇ ਹੋਣਹਾਰ ਹੋਣੀ ਦੀ Ground ਤੇ ਇਨ੍ਹਾਂ ਦੇ ਕਿਸੇ ਬਜ਼ੁਰਗ ਨੇ ਆਪ ਜੀ ਦਾ ਨਾਮ ਭਾਈ ਚਾਂਦ ਰੱਖ ਦਿੱਤਾ। ਆਪ ਜੀ ਦੇ ਪਿਤਾ ਜੀ ਦਾ ਨਾਮ ਮਾਨਯੋਗ ਭਾਈ ਸਰਦਾਰਾ ਸੀ। ਆਪ ਜੀ ਦਾ ਪਿੰਡ ਗਾਲਬਨ ਜੱਲੋ ਲਾਗੋ ਮੁਨਾਵਾਂ ਸੀ, ਪਰ Public/Stage ਤੇ ਆਪ ਜੀ ਭਾਈ ਚਾਂਦ ਸੁਤਲਾਨੀ ਵਾਲੇ ਦੇ ਨਾਮ ਨਾਲ ਆਏ, ਮਕਬੂਲ ਅਤੇ ਮਸ਼ਹੂਰ ਹੋਏ। ਸ਼ਾਇਦ ਸੰਨ 1936 ਈ: ਜਦ ਕਿ ਆਪ ਜੀ ਦੀ ਰਿਹਾਇਸ਼ ਕਟੜਾ ਮੋਤੀ ਰਾਮ ਅੰਦਰੂਨ ਲੋਹਗੜ-ਗੇਟ, ਅੰਮ੍ਰਿਤਸਰ ਤੇ ਦਾਸ ਨੇ (ਭਾਈ ਚਾਂਦ ਰਬਾਬੀ ਸੁਤਲਾਨੀ-ਵਾਲੇ) ਨਾਮ ਦਾ ਬੋਰਡ ਲਟਕਿਆ ਵੇਖਿਆ ਸੀ।

ਮੁੱਢਲੀ ਖ਼ਾਸ ਰੱਬੀ ਦਾਤ ਆਪ ਜੀ ਦਾ ਗਲਾ ਬਹੁਤ ਸੁਰੀਲਾ ਲਚਕਦਾਰ ਅਤੇ ਮੀਂਡ ਭਰਿਆ ਸੀ। ਆਪ ਜੀ ਸਵ: ਰਬਾਬੀ : ਸਾਂਈ ਅਖਤਰ ਹੁਸੈਨ ਵਾਂਗ ਹੇਠਲੀ ਦਰਮਿਆਨੀ ਅਤੇ ਉਪਰਲੀ ਹਰ ਆਵਾਜ਼ ਵਿਚ ਆਪਣੀ ਕਲਾਕਾਰੀ ਦਾ ਮੁਜ਼ਾਹਿਰਾ ਕਰ ਦਿਖਾਂਦੇ ਸਨ ਅਤੇ ਭਾਈ ਅਨਾਇਤ ਭੱਟੀ ਵਾਂਗ ਛੋਟੀ ਰਗੀ ਵਿਚ ਭੀ ਗਾ ਲੈਂਦੇ ਸਨ। ਕਦੇ ਕਦਾਈ ਆਪ ਜੀ ਜਦ ਆਸਮਾਨੋ ਹੀ ਆਵਾਜ਼ ਚੜ੍ਹਾ ਲੈਂਦੇ ਤਾਂ ਆਪ ਜੀ ਦੇ ਸਾਥੀ ਭਾਈ ਚਾਨਣ ਜੀ ਦੀ ਕਦੇ ਕਦੇ ਥੋੜ੍ਹੀ ਚੀਖ ਭੀ ਨਿਕਲ ਜਾਂਦੀ। ਲੇਕਿਨ ਆਪ ਜੀ ਦੀ ਜ਼ਾਤੀ ਗਾਇਕੀ ਵਿਚ ਕਦੇ ਕੱਤਨ ਕੋਈ ਫ਼ਰਕ ਨਾ ਪੈਂਦਾ।

ਆਪ ਜੀ ਦੀ ਅਸਲ ਮਕਬੂਲੀਅਤ ਅਤੇ ਕਾਬਲੀਅਤ : ਵ: ਹਰ-ਦਿਲ ਅਜ਼ੀਜ਼ ਹੋਣ ਦੀ ਖ਼ਾਸ ਵਜਾ ਇਹ ਭੀ ਸੀ ਕਿ ਆਪ ਜੀ ਅੰਦਰ ਆਗਾਜ਼ ਤੋਂ ਹੀ ਇਹ ਕੁਝ ਗੌਰਵਤਾ ਭਰਿਆ ਚਾਅ ਜ਼ੌਕ ਅਤੇ ਸ਼ੌਕ ਕੁੱਦਿਆ ਹੋਇਆ ਸੀ ਅਤੇ ਅਹਿਸਾਸ ਸੀ ਕਿ "ਮੈਂ ਰਬਾਬੀ-ਪੁੱਤਰ ਹਾਂ। ਸਿਹਤ ਮੰਦ ਨੌ-ਜਵਾਨ ਹਾਂ। ਕਾਮਲ ਮੁਰਸ਼ਦ ਦਾ ਸ਼ਿਸ਼ ਹਾਂ। ਪ੍ਰਭੂ ਨੇ ਫਿਰ ਗਲੇ ਦੀ ਦਾਤ ਬਖ਼ਸ਼ੀ ਹੈ। ਮੈਨੂੰ ਆਪਣੇ ਸਮੇਂ ਦੇ ਕਿਸੇ ਹੋਰ ਹਮ ਪੇਸ਼ਾ ਕੀਰਤਨ-ਕਾਰ ਤੋਂ ਪਿੱਛੇ ਰਹਿਣਾ ਜ਼ੇਬ ਨਹੀਂ 'ਦੇਊ'। ਸੋ ਇਸੇ ਲਗਨ ਵਿਚ ਆਪ ਜੀ ਨੇ ਕਦੀ ਆਪਣੀ ਜਾਨ-ਮਾਰੀ ਦੀ ਪ੍ਰਵਾਹ ਨਹੀਂ

ਸੀ ਕੀਤੀ।

ਆਪ ਜੀ ਸ਼ਬਦ-ਕੀਰਤਨ ਦੀ ਡਿਊਟੀ ਤੇ ਬੈਠਕੇ ਜਦ ਗੁਰੂ ਕਾ ਕੀਰਤਨੀ ਹੋਣ ਦਾ ਸੁਭਾਗ ਪ੍ਰਾਪਤ ਕਰਦੇ ਤਾਂ ਫਿਰ ਆਪਣੀ ਹੱਦੋਂ ਵੱਧ ਵਾਹ ਲਗਾ ਦੇਂਦੇ। ਕੋਟ ਵਾਸਕਟ ਉਤਾਰ ਦੇਂਦੇ। ਆਪਣੀ ਜ਼ੋਰਦਾਰ ਕਾਰਗੁਜ਼ਾਰੀ ਤੋਂ (ਖ਼ਾਂ ਸਾਹਿਬ ਆਲਮਗੀਰ ਬੈਂਡ ਮਾਸਟਰ) ਵਾਂਗ ਖੁਦ ਭੀ ਰਸ ਮਾਣਦੇ ਅਤੇ ਸ੍ਰੋਤਿਆਂ ਦੇ ਪੱਲੇ ਭੀ ਕੁਝ ਪਾਉਣ ਦੀ ਹਮੇਸ਼ਾ ਮਨ ਅੰਦਰ ਭਾਵਨਾ ਰਖਦੇ। ਭਾਵ ਆਪ ਜੀ ਪਸੀਨਾ ਪਸੀਨਾ ਕਿਉਂ ਨਾ ਹੋ ਜਾਂਦੇ?

ਗੱਲਾਂ ਚੋਂ ਗੱਲ : ਹਰ ਫ਼ਨ ਮੌਲਾ ਯਾ ਸਰਬ-ਕਲਾ ਸਮਰੱਥ ਤਾਂ ਵਾਹਿਗੁਰੂ ਅਕਾਲ ਪੁਰਖ ਆਪ ਹੀ ਹੈ। ਉਸਦੀ ਇਤਨੀ ਵੱਡੀ ਕਾਇਨਾਤ ਦੀ ਬੇ-ਪਨਾਹ ਭਾਰੀ ਅਤੇ ਅਥਾਹ, (ਬਹਿਰੇ-ਬੇ-ਕਰਾਂ) ਮਸ਼ੀਨਰੀ ਵਿਚ ਸਾਡੇ ਆਮ ਮਨੁੱਖਾਂ ਦੀ ਹੁਨਰਮੰਦੀ ਸਲਾਹੀਯਤ ਆਰਟ ਯਾ ਅਹਿਮੀਅਤ ਤਾਂ ਦਰ ਅਸਲ ਇਕ nominal ਜੱਰੇ ਯਾ ਕਿਣਕੇ ਮਾਤਰ ਭੀ ਨਹੀਂ, ਫਿਰ ਭੀ ਈਸ਼ਵਰ ਨੇ ਜੋ ਮਹਿਦੂਦ ਸਲਾਹੀਯਤਾਂ ਯਾਨੀ Abilities ਸਾਨੂੰ ਬਖਸ਼ੀਆਂ ਹਨ, ਉਸ ਸ਼ੁਕਰ ਗੁਜ਼ਾਰੀ ਅਧੀਨ ਸਾਡਾ ਭੀ ਕੁਝ ਫ਼ਰਜ਼ ਬਣ ਜਾਂਦਾ ਹੈ ਕਿ ਆਪਣੀ ਆਪਣੀ ਜਗ੍ਹਾ ਅਸੀਂ ਲਗਦੀ ਵਾਹ ਆਪਣੀ ਮਿਹਨਤ ਇਮਾਨਦਾਰੀ ਅਤੇ ਲਗਨ ਨਾਲ ਆਪਣੇ ਕਿੱਤੇ ਯਾ ਧੰਧੇ ਵਿਚ ਵੱਧ ਤੋਂ ਵੱਧ ਮੁਹਾਰਤ ਹਾਸਿਲ ਕਰਕੇ ਆਪਣੇ ਕੰਮ ਯਾ ਕਾਰਗੁਜ਼ਾਰੀ ਨੂੰ ਮਨੁੱਖੀ ਸਮਾਜ ਦੀ ਬਿਹਤਰੀ ਭਲਾਈ ਲਈ ਵਰਤੀਏ। ਇਸੇ ਵਿਚ ਸਾਨੂੰ ਕਦਰੇ ਕਸੱਬੀ-ਸਕੂਨ ਭੀ ਮਿਲ ਸਕਦਾ ਹੈ। ਧਨ ਦੀ ਪ੍ਰਾਪਤੀ ਭੀ ਹੋ ਸਕਦੀ ਹੈ। ਇੱਜ਼ਤ ਸ਼ੁਹਰਤ ਅਤੇ ਨਾਮ ਭੀ ਕਮਾਇਆ ਜਾ ਸਕਦਾ ਹੈ ਅਤੇ ਦੂਜਿਆਂ ਦਾ ਭੀ ਕੁਝ ਸਵਾਰਿਆ ਜਾ ਸਕਦਾ ਹੈ ਵਰਨਾਂ ਅਧੂਰੇ ਅਨਾੜੀ ਅਤੇ ਚਲਾਵੇਂ ਕੰਮ ਵਿਚ ਤਾਂ ਇਨਸਾਨ ਅਖ਼ੀਰ ਹਰ ਪਾਸਿਓਂ ਨਾਕਾਮ ਹੀ ਨਜ਼ਰ ਆਉਂਦਾ ਹੈ ਅਤੇ ਇੰਜ ਸਮਾਜ ਵਿਚ ਅਪ-ਜਸ ਦਾ ਭੀ ਭਾਗੀ ਬਣਦਾ ਹੈ। ਅਤੇ ਕਦੇ ਕਦੇ ਬੇ-ਮੁਰਸ਼ਦ ਹੋਣ ਦਾ ਤਾਨ੍ਹਾ ਭੀ ਸਹਾਰਦਾ ਹੈ। ਪਾਠਕ ਸੱਜਣ ਮੁਆਫ਼ੀ ਦੇਣ ਰੂ-ਬਰੂ ਕੋਈ ਗੱਲ ਕਰੀਏ ਤਾਂ ਕੁਝ ਮਿੰਟਾਂ ਵਿਚ ਹੀ ਕਾਫ਼ੀ ਬਿਆਨ ਹੋ ਜਾਂਦਾ ਹੈ ਪਰ ਜੇ ਲਿਖਣ ਲਗੀਏ ਤਾਂ ਦਰਜਨਾਂ ਸਫੇ ਫਿਰ ਭਰਨ ਲਗਦੇ ਹਨ ਸੋ ਪਾਠਕ ਸੱਜਣ ਕਿਧਰੇ ਉਕਤਾ ਨਾ ਜਾਣ ਯਾ ਬੋਰਿੰਗ ਮਹਿਸੂਸ ਨਾ ਕਰਨ, ਇਸ Point ਨੂੰ ਦਾਸ ਇਸੇ ਲਈ ਇਥੇ ਖਤਮ ਕਰਦਾ ਹੈ। ਅਤੇ ਅਸਲ ਮਜ਼ਮੂਨ ਵੱਲ ਆਉਂਦਾ ਹੈ।

ਹਾਂ ਭਾਈ ਚਾਂਦ ਜੀ ਦੀ ਖਾਸ ਅਹਿਮੀਅਤ ਇਸ ਗੱਲੋਂ ਨਹੀਂ ਕਿ ਆਪ ਜੀ ਕੋਈ ਬਹੁਤ ਵੱਡੇ ਸੰਗੀਤਕਾਰ ਯਾ ਬੇ-ਮਿਸਾਲ (Classical Musician) ਸਨ। ਇਸ ਪੱਖੋਂ ਤਾਂ ਆਪ ਜੀ ਆਪਣੀ ਹੀ ਬਰਾਦਰੀ (ਘਰਾਣੇ) ਦੇ ਉਸ ਦੌਰ ਦੇ ਗਿਣੇ ਚੁਣੇ ਉਸਤਾਦ ਟਾਈਪ ਕਲਾਕਾਰਾਂ ਤੋਂ ਦਰਜਾ ਦੋਇਮ ਹੀ ਸਨ। ਆਪ ਜੀ ਦੀ ਖਾਸ ਖੂਬੀ ਇਹ ਸੀ ਕਿ ਆਪ ਜੀ ਨੇ ਆਪਣੇ ਕੀਰਤਨ ਕਰਨ ਦੀ ਵਿਧੀ ਇਕ ਆਪਣੇ ਹੀ ਵਿਲੱਖਣ ਢੰਗ ਦੀ ਚੁਣੀ। ਸ਼ਬਦ ਗੁਰਬਾਣੀ ਨੂੰ ਆਪਣੀ ਗਾਇਕੀ ਦੇ ਨਾਲ ਸਰਲ ਕਰਕੇ, ਨਿਖਾਰਕੇ, ਨਿਤ ਨਵੇਂ ਮਜ਼ਮੂਨ (Subject) ਦੀ ਸ਼ਕਲ ਵਿਚ ਲਗਦੀ ਵਾਹ ਗੁਰਮਤ ਦੇ ਸਿਧਾਤਾਂ ਨੂੰ ਸ੍ਰੋਤਿਆਂ ਤੱਕ ਪਹੁੰਚਾਣ ਦਾ ਜ਼ੋਰਦਾਰ ਉਪਰਾਲਾ ਕੀਤਾ। ਦੂਜੇ ਪਾਸੇ ਗਾਉਣ ਵਜਾਉਣ ਦੇ ਪੱਖੋਂ ਆਪ ਜੀ ਨੇ ਸਿਰਫ ਇੱਕ ਸਾਥੀ ਦੀ ਮਦਦ ਨਾਲ ਪੂਰੇ ਇਕ ਕਵਾਲ-ਗਰੁੱਪ ਦੀ ਯਥਾ ਸ਼ਕਤੀ ਡਿਊਟੀ ਨਿਭਾਈ। ਆਪ ਜੀ ਗੁਰਬਾਣੀ ਦੀਆਂ ਪੰਗਤੀਆਂ ਨੂੰ ਗੁਰਬਾਣੀ ਰਾਹੀਂ ਹੀ ਸਰਲ ਅਤੇ ਆਸਾਨ ਕਰਦੇ। ਪਰ ਨਾਲ ਨਾਲ ਆਪ ਜੀ ਆਮ ਸਰੋਤਿਆਂ ਦੀ ਸੁਵਿਧਾ ਲਈ ਗੁਰਬਾਣੀ ਨੂੰ ਹੋਰ ਸਪੱਸ਼ਟ ਕਰਨ ਖ਼ਾਤਿਰ ਹੱਥ ਅਤੇ ਅੱਖ ਦੇ ਇਸ਼ਾਰੇ ਅਤੇ ਬੁਤਾਵੇ ਰਾਹੀਂ ਭੀ ਗੁਰਮਤ ਦੇ ਸਿਧਾਂਤਾਂ ਨੂੰ ਹੋਰ ਵਧੇਰੇ ਉਪਯੋਗੀ ਅਤੇ ਉਜਾਗਰ ਕਰਕੇ ਸੰਗਤਾਂ ਦੇ ਸਾਹਮਣੇ ਕਰਦੇ। ਲੇਕਿਨ ਬੋਲਣ ਯਾ ਗਵਾਈ ਸਮੇਂ ਆਪ ਜੀ ਦਾ ਚਿਹਰਾ ਹਮੇਸ਼ਾਂ ਹਸ-ਮੁਖ ਅਤੇ ਪ੍ਰਭਾਵਿਤ ਰਹਿੰਦਾ। ਆਪ ਜੀ ਸਭ ਤੋਂ ਪਹਿਲਾਂ ਜਦ ਮੰਗਲਾ-ਚਰਣ ਕਰਦੇ ਤਾਂ

ਸ੍ਰੋਤਿਆਂ ਨੂੰ ਇਸ ਗੱਲ ਦਾ ਪਰਚਾ (ਸਬੂਤ) ਦੇ ਦੇਂਦੇ ਕਿ ਆਪ ਜੀ ਕੋਈ ਆਮ ਸਾਧਾਰਣ ਗਾਇਕ ਨਹੀਂ, ਬਲਕਿ ਇਕ ਕਾਮਲ-ਮੁਰਸ਼ਦ ਦੇ ਨਿਵਾਜ਼ੇ ਹੋਏ ਹੋਣਹਾਰ ਸ਼ਾਗਿਰਦ ਹਨ। ਮੇਰੇ ਬਜ਼ੁਰਗ ਅਤੇ ਅਜ਼ੀਜ਼ ਪਾਠਕਾਂ ਨੇ ਖ਼ਾਸ ਖ਼ਾਸ ਗੁਰਪੁਰਬਾਂ ਸਮੇਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਲੋਂ ਚਲਾਈ ਆਤਿਸ਼ਬਾਜ਼ੀ ਤਾਂ ਕਈ ਵਾਰ ਅਕਸਰ ਦੇਖੀ ਹੀ ਹੋਊ। ਉਸ ਤੋਂ ਬਾਦ ਫਿਰ ਆਵਾਜ਼ ਦੇਣ ਵਾਲੇ 100 ਯਾ ਡੇਢ ਸੌ ਗੋਲੇ ਛੱਡੇ ਜਾਂਦੇ ਹਨ। ਕੁਝ ਗੋਲੇ ਤਾਂ ਅਜਿਹੇ ਹੁੰਦੇ ਹਨ ਜੋ ਕਿ ਥੋੜੀ ਕੁ ਸ਼ੂੰ...ਕਰਕੇ 8-10 ਕੋਠੇ ਪਾਰ ਕਰਕੇ ਕਿਸੇ ਮਕਾਨ ਦੀ ਛਤ ਤੇ ਜਾ ਡਿਗਦੇ ਹਨ ਅਤੇ ਕੁਝ ਗੋਲੇ ਅਜਿਹੇ ਹੁੰਦੇ ਹਨ ਜੋ ਕਿ ਕੁਝ ਕੁ ਉੱਚੀ ਜਾ ਕੇ ਇਕ ਦੋ ਜ਼ੋਰਦਾਰ ਆਵਾਜ਼ਾਂ ਦੇ ਸੋ ਦੋ ਸੌ ਗਜ਼ ਦੀ ਦੂਰੀ ਤੇ ਕਿਧਰੇ ਡਿਗਕੇ ਸਮਾਪਤ ਹੋ ਜਾਂਦੇ ਹਨ ਅਤੇ ਕੁਝ ਵਿਚ ਕਿਸੇ ਖਾਸ ਸਿਆਣੇ ਆਤਿਸ਼ਬਾਜ਼ ਦੇ ਬਣਾਏ ਅਜਿਹੇ ਗੋਲੇ ਹੁੰਦੇ ਹਨ ਜੋ ਕਿ ਜ਼ੋਰਦਾਰ ਸ਼ੂੰ.....ਕਰਦੇ ਹੋਏ ਆਸਮਾਨ ਦੀ ਕਾਫੀ ਬੁਲੰਦੀ ਤੇ ਪਹੁੰਚ ਜਾਂਦੇ ਹਨ ਅਤੇ ਉਥੇ ਪੰਜ ਛੇ ਧਮਾਕੇਦਾਰ ਜ਼ੋਰ ਭਰੀਆਂ ਆਵਾਜ਼ਾਂ ਦੇ ਕੇ ਹੋਰ ਕੁਝ ਉੱਪਰ ਜਾ ਕੇ ਵੱਖ-ਵੱਖ ਸਾਈਡਾਂ ਨੂੰ ਵੱਖ ਵੱਖ ਵਿਖਰਕੇ ਆਪਣਾ ਸੁਹਾਵਣਾ ਰੂਪ ਇੰਜ ਪੇਸ਼ ਕਰਨ ਲਗਦੇ ਹਲ ਕਿ ਜਿਵੇਂ ਕਿਧਰੇ ਲਾਲ ਫੁਲ ਜਗਮਗਾ ਰਹੇ ਹਨ ਤੇ ਕਿਧਰੇ ਸਬਜ਼ ਅਤੇ ਸਫੈਦ ਵ ਸੁਨਹਿਰੀ ਨਾਲ ਨਾਲ ਕੁਝ ਫਟ ਫਟ ਕੇ ਆਵਾਜ਼ਾਂ ਭੀ ਦੇ ਰਹੇ ਹਨ ਅਤੇ ਅਗਾਹ ਭੀ ਵਧ ਰਹੇ ਹਨ ਅਤੇ ਫ਼ਿਰ ਕਿਧਰੇ ਸਿਲਮੇ ਸਿਤਾਰੇ ਦੀ ਜਗ-ਮਗਾਹਟ ਚਮਕ ਅਤੇ ਰੋਸ਼ਨੀ ਹੋਣ ਲਗਦੀ ਹੈ ਜਿਸ ਨੂੰ ਹਰ ਬੱਚਾ ਬ੍ਰਿਧ ਨੌਜਵਾਨ ਦੇਖਕੇ ਦਿਲੀ ਖੁਸ਼ੀ ਮਹਿਸੂਸ ਕਰਨ ਲਗਦਾ ਹੈ। ਸੋ ਅਰਜ਼ ਕਰਨ ਤੋਂ ਭਾਵ ਕਿ ਭਾਈ ਚਾਂਦ ਦੀ ਗਾਇਕੀ ਪ੍ਰਮਾਣ Classical ਰੰਗ ਬੁਤਾਵਾ ਅੰਦਾਜ਼ੇ ਬਯਾਂ ਅਤੇ ਆਪਣੇ ਲਬੋ-ਲਹਿਜੇ ਦੀ ਕਲਾਕਾਰੀ ਦੇ ਪੱਖੋਂ ਇਸ ਆਖਿਰੀ ਤੀਜੀ ਕਿਸਮ ਦੇ ਗੋਲੇ ਦੀ ਮਾਨਿੰਦ ਸਨ।

ਆਪ ਜੀ ਦੀ ਗੁਰਬਾਣੀ ਦੀ ਜਬਾਨੀ ਯਾਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਚੋਂ, ਵਾਰਾਂ ਕਬਿਤ ਭਾਈ ਗੁਰਦਾਸ ਜੀ, ਫਾਰਸੀ ਕਲਾਮ ਭਾਈ ਨੰਦ ਲਾਲ ਜੀ ਅਤੇ ਕੁਝ ਕੁਝ ਦਸਮ ਗ੍ਰੰਥ ਚੋਂ ਭੀ ਇਤਨੀ ਵਸੀਅ ਅਤੇ ਸਪੱਸ਼ਟ ਸੀ ਕਿ ਜਦ ਆਪ ਜੀ ਕਿਸੇ ਭੀ Subject ਮੌਜ਼ੂਅ ਯਾ ਮਜ਼ਮੂਨ ਨੂੰ ਚੁਣਕੇ ਸੰਗਤ ਸਾਹਮਣੇ ਗਾ ਵਜਾ ਕੇ ਪੇਸ਼ ਕਰਦੇ ਤਾਂ ਗਾਈ ਜਾ ਰਹੀ ਪੰਗਤੀ ਦੇ ਮੁਕਾਬਲੇ (to the point) ਆਪਣੇ ਜ਼ਿਹਨ ਵਿਚੋਂ ਇੰਜ ਮੁਖਤਲਿਫ਼ ਪੰਕਤੀਆਂ ਖਿਚ ਖਿਚ ਸ੍ਰੋਤਿਆਂ ਸਾਹਮਣੇ ਲਿਆਈ ਜਾਂਦੇ ਕਿ ਜਿਵੇਂ ਮਿਕਨਾਤੀਸ (ਚੁੰਬਕ) ਆਪਣੀ ਹਮ-ਜਿਨਸ ਧਾਤ (ਲੋਹੇ) ਨੂੰ ਆਪਣੇ ਵੱਲ ਖਿਚੀ ਤੁਰੀ ਜਾਂਦੀ ਹੈ। ਅਤੇ ਇੰਜ ਮਾਨੋਂ ਪ੍ਰਮਾਣਾਂ ਦਾ ਸੈਲਾਬ ਆ ਜਾਂਦਾ। ਪਰ ਦੁਹਾਈ ਰੱਬ ਦੀ ਆਪ ਜੀ ਕਥਾ-ਵਾਚਿਕ ਕੱਤਨ ਨਹੀਂ ਸੀ ਬਣਦੇ ਅਤੇ ਨਾ ਹੀ ਵਿਆਖਿਆਕਾਰ, ਬਲਕਿ ਮੌਸੀਕੀ ਦੀ ਚਿਕਨਾਹਟ, ਨਾਲ ਨਾਲ ਆਪਣੀ ਕਥਨੀ ਕਲਾਮ ਨੂੰ ਪੁਚਾਈ ਜਾਂਦੇ। ਆਵਾਜ਼ ਅਤੇ ਸਾਜ਼ ਨੂੰ ਗਰਮ ਰੱਖਦੇ। ਆਪ ਜੀ ਸਾਥੀ ਦੀ ਮਦਦ ਨਾਲ ਭੀ ਆਪਣੀ ਗਾਇਕੀ ਨੂੰ Lubricate ਕਰਾਈ ਜਾਂਦੇ ਤਾਂਕਿ ਗਾਇਕੀ ਰਸ ਭਰਪੂਰ ਬਣੀ ਰਹੇ ਸਾਥੀ ਦੀ ਕੀ ਮਜਾਲ ਕਿ ਉਹ ਬੇਕਾਰ ਕਦੇ ਡੰਮੀ ਹੋ ਕੇ ਬੈਠਾ ਰਵੇ। ਦੂਜੀ ਸਾਈਡ ਤੇ ਤਬਲਾ ਨਿਵਾਜ਼ ਭੀ ਖਾਸ ਮੁਹਤਾਤ ਰਹਿੰਦਾ ਅਤੇ ਖਿਆਲ ਰਖਦਾ ਕਿ ਮੈਂ ਭਾਈ ਚਾਂਦ ਨਾਮੀ ਕਲਾਕਾਰ ਨਾਲ ਸੰਗਤ ਕਰ ਰਿਹਾ ਹਾਂ। ਮੰਗਲਾ-ਚਰਣ ਤੋਂ ਬਾਦ ਆਪ ਜੀ ਕੋਈ ਸਲੋਕ ਪਉੜੀ ਯਾ ਛੋਟਾ ਸ਼ਬਦ ਪੇਸ਼ ਕਰਦੇ ਅਤੇ ਇਸ ਦੌਰਾਨ ਆਪ ਜੀ ਆਪਣੇ ਵਿਤ ਅਨੁਸਾਰ ਕਾਫੀ Classical Music ਦਾ ਰੰਗ ਦਿਖਾਉਂਦੇ। ਮਸਲਨ ਰਾਗ ਦਾ ਆਲਾਪ ਤਾਨ, ਪਲਟੇ ਗਲੇ ਦੀਆਂ ਮੁਰਕੀਆਂ ਲੈਅ ਦੀ ਪਕੜ ਮੀਂਡ ਸੀਨੇ ਦੇ ਜ਼ੋਰ ਨਾਲ ਭਰਵੀਂ ਗਾਇਕੀ ਹੇਠਲੀ-ਉਪਰਲੀ ਆਵਾਜ਼ਾਂ ਦਾ ਪ੍ਰਗਟਾਵਾ ਸਾਜਾਂ ਦੀ ਜ਼ੋਰਦਾਰ ਗੜ-ਗੜਾਹਟ ਅਤੇ ਧਮਕ ਇਸ ਵਿਚ ਆਪ ਜੀ ਦੇ ਸਾਈਡ ਤੇ ਬੈਠੇ ਸਾਥੀ ਦੀ ਭੀ ਕੁਝ ਹਦ ਤਕ ਮਦਦ ਹੁੰਦੀ। ਇੰਜ ਆਪਜੀ ਪਸੀਨੇ ਨਾਲ ਤਰ-ਬ-ਤਰ ਹੋ ਜਾਂਦੇ। ਇਸ ਤੋਂ ਬਾਦ ਆਪ ਜੀ ਅਕਸਰ ਕੋਈ (ਕਵਾਲੀ-ਨੁਮਾ) ਤਰਜ਼ ਲਗਾ ਕੇ ਕਿਸੇ ਇਕ ਸ਼ਬਦ ਦਾ ਗਾਇਨ ਸ਼ੁਰੂ ਕਰਦੇ ਅਤੇ Side ਦੇ ਸਾਥੀ ਤੋਂ ਇਸ ਗਾਇਕੀ ਦੀ ਵਾਰੀ ਲੈਂਦੇ। ਉੱਧਰ ਤਬਲਾ ਨਿਵਾਜ਼ ਦੀ ਕਾਰਗੁਜ਼ਾਰੀ ਵੱਲ ਭੀ ਪੂਰਾ ਧਿਆਨ

ਰੱਖਦੇ। ਆਪ ਜੀ ਜਲਦੀ ਜਲਦੀ ਗਾ ਵਜਾ ਕੇ ਜ਼ਿਆਦਾ ਸ਼ਬਦ ਨਹੀਂ ਸੀ ਖਤਮ ਕਰੀ ਜਾਂਦੇ। ਜਿਸ ਇਕ ਸ਼ਬਦ ਨੂੰ ਭੀ ਛੋਂਹਦੇ ਉਸਦੀ All Round ਗੁਰਬਾਣੀ ਰਾਹੀਂ ਹੀ ਗਾ ਕੇ ਵਜ਼ਾਹਤ ਕਰਦੇ। ਜੋ ਤਰਜ਼ ਆਪ ਜੀ ਨੇ ਅਜ ਗਾ ਵਜਾ ਲਈ ਉਸਦੀ ਵਾਰੀ ਫਿਰ ਕਈ ਮਹੀਨੇ ਭੀ ਮੁੜ ਕਦੇ ਨਹੀਂ ਸੀ ਆਉਂਦੀ। ਮਾਨੋ "ਜੋ ਜਲ ਗੁਜ਼ਰ ਗਿਆ ਇਸ ਰਾਹੀਂ, ਬਹੁੜ ਨਾ ਵਗਸੀ ਭਲਕੇ। ਰੇਲ ਮੁਸਾਫ਼ਿਰ ਪੂਰ ਬੇੜੀ ਦਾ ਫੇਰ ਨਾ ਬੈਸੀ ਰਲਕੇ।" ਹਾਂ ਅਗਰ ਉਹੀ ਤਰਜ ਕਦੇ ਆਪ ਜੀ ਨੇ ਕਾਫੀ ਦੇਰ ਬਾਦ ਮੁੜ ਗਾ ਵਜਾ ਭੀ ਲਈ ਤਾਂ ਫਿਰ ਵਿਚ ਸ਼ਬਦ ਯਾ ਕਲਾਮ ਬਦਲ ਦੇਂਦੇ। ਆਪ ਜੀ ਨੂੰ ਕਦੇ ਕੋਈ ਸਰੋਤਾ ਦੋ ਚਾਰ ਪੰਜ ਦਮੜੇ ਸ਼ਬਦ ਭੇਟ ਕਰਕੇ ਨਾਲ ਹੀ ਕਿਸੇ ਖਾਸ ਪੁਰਾਣੇ ਸੁਣੇ ਸ਼ਬਦ ਆਦਿਕ ਦੀ ਮੁੜ ਕਦੇ ਸੁਨਾਉਣ ਦੀ ਫੁਰਮਾਇਸ਼ ਭੀ ਕਰ ਦੇਂਦਾ ਤਾਂ ਆਪ ਜੀ ਉਸਨੂੰ ਹੱਸ ਕੇ ਟਾਲ ਦੇਂਦੇ ਕਿ ਦੇਖੋ ਗੁਰੂ ਸਾਹਿਬ ਕੀ ਮੂੰਹੋਂ ਕਢਾਉਂਦੇ ਹਨ? ਇਸ ਮਸਲੇ ਤੇ ਖਾਂ ਸਾਹਿਬ ਆਲਮਗੀਰ ਜੀ ਕਿਹਾ ਕਰਦੇ ਸਨ ਕਿ (ਅਸੀਂ ਫ਼ਨ ਦੇ ਗੁਲਾਮ ਹਾਂ) ਫ਼ਨ ਸਾਡਾ ਗੁਲਾਮ ਨਹੀਂ ਕਿ ਅਸੀਂ ਇਸ ਨੂੰ ਸਾਮਈਨ ਯਾਨੀ ਸ੍ਰੋਤਿਆ ਦੀ ਫ਼ਰਮਾਇਸ਼ ਤੇ ਬੇ-ਮੌਕਾ-ਮਹੌਲ ਜਿਧਰ ਮਰਜ਼ੀ ਮੋੜ ਦੇਈਏ। ਆਪ ਜੀ ਭਾਈ ਫ਼ਜਲ ਰਬਾਬੀ ਵਾਂਗ (ਸਵਰਨਕਾਰ) ਨਹੀਂ ਸਨ। ਆਪ ਜੀ ਤਾਂ ਇਕ ਨਾ-ਨਜ਼ੀਰ (ਜੌਹਰੀ) ਸਨ। ਬਾਣੀ ਕੋਲੋਂ ਬਾਹਰੀ ਕਲਾਮ (ਗੁਰਮਤ ਕੀਰਤਨ ਵਿਚ) ਕੋਈ ਇਕ ਫਿਕਰਾ ਭੀ ਨਹੀਂ ਗਾਉਣਾ ਯਾ ਬੋਲਣਾ। ਜੋ ਭੀ ਗਾਉਣਾ ਬੋਲਣਾ ਬਾਣੀ ਵਿਚੋਂ ਹੀ ਸਭ put up ਕਰਨਾ। ਆਪ ਜੀ ਕਦੇ ਅੱਖਾਂ ਬੰਦ ਕਰਕੇ ਯਾ ਗਰਦਨ ਸੁਟਕੇ ਕੀਰਤਨ ਨਹੀਂ ਸਨ ਕਰਦੇ। ਅਤੇ ਨਾ ਹੀ ਇੰਜ ਸ੍ਰਤਿਆਂ ਨੂੰ ਗਰਦਨ ਸੁਟਕੇ ਊਂਘਾਂ ਲੈਣ ਦੇਂਦੇ ਯਨ। ਕੋਈ ਅਣਜਾਣ ਸੁੱਤਾ ਆਪ ਜੀ ਦੀ ਮਹਿਫਲ ਵਿਚੋਂ ਉੱਠਕੇ ਤਾਂ ਜਾ ਸਕਦਾ ਸੀ। ਪਰ ਊਂਘਾਂ ਨਹੀਂ ਸੀ ਲੈ ਸਕਦਾ। ਕਿਉਕਿ ਆਪ ਜੀ ਦਾ ਕੋਈ ਪਤਾ ਨਾ ਲਗਦਾ ਕਿ ਸਾਹਮਣੇ ਯਾ ਪਿੱਛੇ ਬੈਠੇ ਕਿਸੇ ਵੀ ਬੇ-ਵਾਕਿਫ ਸੁੱਤੇ ਨੂੰ ਕਿਹੜੇ ਵਕਤ ਹਥ ਅਤੇ ਅੱਖ ਦੇ ਇਸ਼ਾਰੇ ਨਾਲ ਮੁਖਾਤਿਬ ਕਰ ਕੇ ਇੰਜ ਬੋਲ ਪੈਂਦੇ ਮਸਲਨ ਪੰਗਤੀ ਗਾ ਰਹੇ ਹੁੰਦੇ।

**"ਜਿਨਿ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ"**

(ਆਸਾ ਮ: ੪ ਪੰਨਾ ੪੫੦)

ਇਸ ਉਪਰ ਪ੍ਰਮਾਣ ਯਾ ਮੌਕੇ ਮਹੌਲ ਦੇ ਉਪਦੇਸ਼ ਵਜੋਂ ਇਹ ਪੰਗਤੀ ਬੋਲ ਦੇਂਦੇ

**"ਬੁਰੇ ਕਾਮ ਕਉ ਉਠਿ ਖਲੋਇਆ। ਨਾਮ ਕੀ ਬੇਲਾ ਪੈ ਪੈ ਸੋਇਆ"**

(ਸੂਹੀ ੫, ਪੰਨਾ ੭੩੮)

**"ਸਿਆਮ ਸੁੰਦਰ ਤਜਿ ਨੀਦ ਕਿਉਂ ਆਈ"**

(ਸੂਹੀ ੫ ਪੰਨਾ ੭੪੫ **(ਕਾਹੇ ਜਗਿ ਆਏ?)**

**"ਕਿਆ ਸੋਵੈ ਨਾਮ ਵਿਸਾਰ ਗਾਫਲ ਗਹਿਲਿਆ॥ ਕਾਹੇ ਜਗਿ ਆਏ ਰਾਮ ਰਾਜੇ?**

**"ਰਾਤ ਜੋ ਸੋਵੈ ਦਿਨ ਕਰਹਿ ਕਾਮ॥ ਇਕ ਖਿਨ ਨ ਲੇਵੈ ਹਰਿ ਕੋ ਨਾਮ।**

**(ਕਾਹੇ ਜਗਿ ਆਏ ਕਾਮ ਰਾਜੇ?)**

ਇਤਿਆਦਿਕ

ਇੰਜ ਕਈ ਵਾਰ ਅਣਜਾਣ ਸ੍ਰੋਤਾ ਇੰਜ ਮਹਿਸੂਸ ਕਰਦਾ ਕਿ ਸ਼ਾਇਦ ਭਾਈ ਸਾਹਿਬ ਮੇਰੇ ਮੂੰਹ ਵਿਚ ਛਿਬੀਆਂ ਦੇ ਰਹੇ ਹਨ ਅਤੇ ਉਹ ਸ਼ਰਮਾ ਜਾਂਦਾ ਹੈ ਤੇ ਅੱਗੋਂ ਲਈ ਜੇ ਕੀਰਤਨ ਸੁਣਨਾ ਹੁੰਦਾ ਤਾਂ ਬਾਹੋਸ਼ ਅਤੇ ਚੋਕੰਨਾ ਹੋ ਕੇ ਬੈਠਦਾ। ਆਪ ਜੀ ਅਜ਼-ਹਦ (Self/confidence) ਵਾਲੇ ਬੜੇ ਬੇ-ਬਾਕ ਅਤੇ Guts ਵਾਲੇ ਕਲਾਕਾਰ ਸਨ।ਅੱਲਾ ਆਪ ਜੀ ਨੂੰ ਜੰਨਤ-ਨਸੀਬ ਕਰੇ। ਆਪ ਜੀ ਮੂਡੀ-ਮਾਈਂਡ ਭੀ ਹਰਗਿਜ਼ ਨਹੀਂ ਸਨ ਕਿ ਮੂਡ ਨਾ ਹੋਇਆ ਤਾਂ ਐਵੇਂ ਚਲਾਵਾਂ ਸਾਦਾ ਕੰਮ ਕਰਕੇ ਕਿਸੇ ਬਾਹਰੀ ਸਟੇਜ ਤੋਂ ਪੈਸੇ ਇਕੱਠੇ ਕਰਕੇ ਯਾ ਬਟੋਰ ਕੇ ਤੁਰਦੇ ਹੋਇ। ਆਪ ਜੀ ਕਿਸੇ ਭੀ ਜਗਾ ਇਕ ਚੌਕੀ ਭੀ ਸ਼ਾਦੀ ਗਮੀ ਦੀ ਕਿਧਰੇ ਕਰ ਆਉਂਦੇ ਤਾਂ ਆਪਣੀ ਛਾਪ ਪਿੱਛੇ ਛੱਡ ਆਉਂਦੇ। ਅਗਰ ਪ੍ਰਦੇਸ ਦੇ ਥਕੇਵੇਂ ਕਾਰਨ ਯਾ ਗਲੇ ਖਰਾਬ ਕਾਰਨ ਸਰੀਰ ਢਿੱਲਾ ਹੁੰਦਾ ਤਾਂ ਚੌਕੀ ਵਲੋਂ ਨਾਂਹ ਕਰ ਦੇਂਦੇ। ਪੈਸੇ ਤਾਂ ਆਪ ਜੀ ਨੂੰ ਗੁਰੂ ਬਖਸ਼ਿਸ਼ ਰਾਹੀਂ ਇਤਨੇ ਆ ਜਾਂਦੇ ਕਿ ਜਿਸਦੀ ਪਹਿਲੀ ਉਮੀਦ ਭੀ ਨਾ ਹੁੰਦੀ। ਉਸ ਸੰਨ 1935-36 ਤੋਂ 1945 ਦੇ ਦੌਰ ਵਿਚ (ਭਲੇ ਸਮੇਂ) ਭੀ ਆਪ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਡਿਊਟੀ ਤੋਂ ਹੀ ਰੁਪਏ 8, 10, 12, 15 ਰੋਜ਼ ਸੰਗਤ ਵੱਲੋਂ ਸ਼ਬਦ ਭੇਟ ਹੋ ਹੀ ਜਾਂਦੀ। ਵਾਜਿਹ ਰਹੇ ਕਿ ਇਹ ਉਹ ਦੌਰ ਸੀ ਜਦ ਆਟਾ ਸੋਲਾਂ ਸੇਰ ਇਕ ਰੁਪੈ ਦਾ, ਘਿਉ ਦੇਸੀ ਸਵਾ ਸੇਰ ਇਕ ਰੂਪੈ ਦਾ ਤੇ ਮਿਸਰੀ ਚਾਰ ਸ਼ੇਰ ਇਕ ਰੁਪੈ ਦੀ ਮਿਲਦੀ ਸੀ। ਇਹ ਭੀ ਦਾਸ ਨੇ ਪ੍ਰਚੂਨ ਰੇਟ ਇਥੇ ਅੰਕਿਤ ਕੀਤੇ ਹਨ। ਸੰਤ ਨਿਰਮਲ ਜੀ ਜੋ ਕਿ ਵੇਦਾਂਤ ਦਾ ਪ੍ਰਚਾਰ ਕਰਦੇ ਸਨ ਅਤੇ ਆਰਫਾਨਾ-ਕਲਾਮ ਦਾ ਜਿਨ੍ਹਾਂ ਦਾ ਉਰਦੂ ਫਾਰਸੀ ਦਾ ਭੀ ਬਹੁਤ ਮੁਤਾਲਿਆ ਸੀ ਜਿਨ੍ਹਾਂ ਦਾ ਮਾਲ ਰੋਡ ਅੰਮ੍ਰਿਤਸਰ ਹੁਣ ਭੀ ਬਹੁਤ ਵੱਡਾ ਆਸ਼ਰਮ ਹੈ ਅਤੇ ਜਿਨ੍ਹਾਂ ਦਾ (39ਵਾਂ) ਬੀਤੇ ਸਾਲ ਦੀਵਾਲੀ ਲਾਗੇ ਹਫ਼ਤਾ ਭਰ ਇਸੇ ਉਪ੍ਰੋਕਤ ਆਸ਼ਰਮ ਵਿਚ ਵੇਦਾਂਤ ਸੰਮੇਲਨ ਹੋਇਆ ਹੈ ਅਤੇ ਹਰ ਸਾਲ ਹੁੰਦਾ ਹੈ। All india ਤੋਂ ਸੰਤ ਮਹਾਤਮਾ ਉਪਦੇਸ਼ਕ ਆਉਂਦੇ ਹਨ। ਇਨ੍ਹਾਂ ਹੀ ਸੰਤਾਂ (ਸ੍ਰੀ ਨਿਰਮਲ ਜੀ ਨੇ) ਦਾਸ ਦੀ ਮਾਰਫ਼ਤ ਤਿੰਨ ਕੁ ਸਾਲ ਭਾਈ ਚਾਂਦ ਜੀ ਨੂੰ ਆਪਣੇ ਗੁਰੂਆਂ ਦੀ ਬਰਸੀ ਮਨਾਉਣ ਲਈ ਬ੍ਰਹਮਪੁਰੇ (Via ਤਰਨਤਾਰਨ) ਅਤੇ ਸ਼ਾਇਦ ਠਰੂ ਭੀ ਬੁਲਾਉਣਾ ਜਾਰੀ ਰਖਿਆ। ਪਹਿਲੇ ਸਾਲ ਹੀ ਆਪ ਜੀ ਨੇ ਉੱਥੇ ਪੁੱਜ ਕੇ ਰਾਗ ਰੰਗ ਦਿਖਾਉਣ ਤੋਂ ਬਾਅਦ ਜਦ ਇਹ ਪੰਗਤੀ ਗਾਉਣੀ ਸ਼ੁਰੂ ਕੀਤੀ ਕਿ-

"ਗੁਰ ਕੁੰਜੀ ਪਾਹੁ ਨਿਵਲ ਮਨ ਕੋਠਾ ਤਨ ਛਤ। ਨਾਨਕ ਗੁਰ ਬਿਨ ਮਨ ਕਾ ਤਾਕ ਨਾ ਉਘੜੇ ਅਵਰ ਨਾ ਕੁੰਜੀ ਹਥ॥ (ਤਰਜ਼ ਕਵਾਲੀਨੁਮਾ) ਅਤੇ ਫਿਰ ਪ੍ਰਮਾਣ ਤੇ ਪ੍ਰਮਾਣ ਦੇ ਕੇ ਇਸੇ Subject ਦੀ ਪ੍ਰੋੜਤਾ ਭਰਪੂਰ ਢੰਗ ਨਾਲ ਕੀਤੀ ਤਾਂ ਇਤਨੀ ਮਾਇਆ ਆਪ ਜੀ ਉੱਤੇ ਸੰਤਾਂ ਮਹੰਤਾਂ ਅਤੇ ਸੰਗਤ ਸ੍ਰੋਤਿਆਂ ਵੱਲੋਂ ਵਸੀ ਮਾਨੋ ਅਸਮਾਨੋਂ ਜ਼ੋਰਦਾਰ ਬਾਰਿਸ਼ ਪੈ ਰਹੀ ਹੋਵੇ। ਵਾਜ਼ਿਹ ਰਹੇ ਕਿ ਮਜ਼ਕੂਰਾ ਸੰਤ ਨਿਰਮਲ ਜੀ ਦਿਲੀ ਵਿਚ 20-05-1971 ਨੂੰ ਪ੍ਰਲੋਕ ਸਿਧਾਰ ਚੁੱਕੇ ਹਨ। ਆਪ ਜੀ ਤਬਲਾ ਨਿਵਾਜ਼ ਨੂੰ ਨਾਲ ਗਾਉਣ ਬੋਲਣ ਨੂੰ ਕਦੇ Allow ਨਹੀਂ ਸਨ ਕਰਦੇ।ਸ਼ਾਇਦ ਆਪ ਜੀ ਦਾ ਵਿਚਾਰ ਸੀ ਕਿ ਇੰਜ ਉਸਤਾਦਾਨਾ ਗਾਇਕੀ ਦਾ ਤਵਾਜ਼ਨ ਵਿਗੜ ਜਾਂਦਾ ਹੈ। ਪਰ ਸਿਰਫ ਆਸਾ ਜੀ ਕੀ ਵਾਰ ਸਮੇਂ ਤਬਲਾ ਨਿਵਾਜ਼ ਪਉੜੀ ਪੜ੍ਹ ਸਕਦਾ ਸੀ ਅਤੇ ਨਾ ਹੀ ਕਦੇ ਸੰਗਤ ਨੂੰ ਨਾਲ ਨਾਲ ਯਾ ਪਿਛੇ ਪਿਛੇ ਬੋਲਣ ਲਈ ਕਹਿੰਦੇ ਸਨ। ਆਪ ਜੀ ਕਿਹਾ ਕਰਦੇ ਸਨ ਕਿ ਅਜਿਹਾ ਕੰਮ ਸੁਖ ਰਹਿਣੇ ਕਲਾਕਾਰ ਹੀ ਕਰ ਸਕਦੇ ਹਨ। ਆਪ ਜੀ ਕਹਿੰਦੇ ਸਨ ਕਿ ਕੋਈ ਭੀ ਗਾਇਕ ਯਾ ਬੁਲਾਰਾ Public/stage ਤੇ ਬੈਠਕੇ ਫ਼ਰਜ ਕਰੋ ਇਕ ਮਿੰਟ ਜ਼ਾਇਆ ਕਰੇ ਤਾਂ ਸਮਝੋ ਜਿੰਨੀ ਹਾਜ਼ਰੀ ਸ੍ਰੋਤੇ ਯਾ ਸੰਗਤ ਬੈਠੀ ਹੈ ਉਤਨੇ ਮਿੰਟ ਜ਼ਾਇਆ ਹੋ ਗਏ। ਵਾਹ ਭਾਈ ਚਾਂਦ ਜੀ ਤੇਰੀ ਕਾਬਲੇ ਕਦਰ ਸੋਚ! ਤੇਰਾ ਜਵਾਬ ਨਹੀਂ। ਆਪ ਜੀ ਭਾਵੇਂ ਕਦੇ ਖੁਸ਼ੀ ਗੀਮ ਦਾ ਕੀਰਤਨ ਕਰਦੇ ਤਾਂ ਮੰਗਲਾ ਚਰਨ ਭੀ ਜ਼ਰੂਰ ਹੀ ਕਰਦੇ ਫਿਰ ਸ਼ਬਦ ਛੋਂਹਦੇ ਅਤੇ ਅਖੀਰ ਭੋਗ ਦੀ ਪਉੜੀ ਭੀ ਭਰਪੂਰ ਗਾਇਕੀ ਵਿੱਚ ਲਗਾਂਦੇ। ਆਪ ਜੀ ਕਿਸੇ ਬਾਹਰੀ ਸਟੇਜ ਤੇ ਭੀ ਪਬਲਿਕ ਵੱਲੋਂ ਯਾ ਘਰੇਲੂ ਸ੍ਰੋਤਿਆਂ ਵਲੋਂ Manage ਕੀਤੀ ਜਗ੍ਹਾ ਤੇ ਕੀਰਤਨ ਕਰਦੇ ਅਤੇ ਭਾਵੇਂ ਕੁਝ ਬਾਹਰੀ ਅਰਫਾਨਾ ਕਲਾਮ ਭੀ ਪੇਸ਼ ਕਰਦੇ ਤਾਂ

ਹਾਫਿਜ਼ਾ ਤੇਜ ਕਰਨ ਖਾਤਰ ਕਦੇ ਕੋਲ ਇਕ (Slip) ਚਿਟ ਭੀ ਨਾ ਰਖਦੇ ਬਲਕਿ ਜੋ ਫਿਕਰਾ ਸ਼ੇਅਰ ਪੰਗਤੀ ਮੂੰਹੋਂ ਕੱਢਦੇ ਸਭ ਆਪਣੀ ਜ਼ਬਾਨੀ ਯਾਦ ਦੇ ਸਹਾਰੇ ਹੀ ਪੇਸ਼ ਕਰਦੇ। ਆਫਰੀਨ ਹੈ ਐਸੇ ਕਲਾਕਾਰ ਨੂੰ ਆਪ ਜੀ ਆਪਣੇ ਸੱਜਣਾਂ ਮਿੱਤਰਾਂ ਪ੍ਰਸੰਸਕਾਂ ਨੂੰ ਹਮੇਸ਼ਾ ਮੁਸਕਰਾਹਟ ਭਰੇ ਚਿਹਰੇ ਨਾਲ ਮੁਖ਼ਾਤਿਬ ਹੁੰਦੇ। ਦੂਜੇ ਦੇ ਚਾਰ ਫਿਕਰੇ ਦਾ ਭਾਵੇਂ ਜਵਾਬ ਬੋਲ ਦੇਂਦੇ ਵਰਨਾ ਉਂਜ ਹੀ ਮੁਸਕਰਾ ਕੇ ਥੋੜ੍ਹਾ ਸਿਰ ਹਿਲਾ ਦੇਂਦੇ। ਵੱਡੇ ਵੱਡੇ ਪ੍ਰੋਗਰਾਮਾਂ ਤੇ ਜਦ ਉਸ ਦੌਰ ਦੇ ਹੋਰ ਕਲਾਕਰ ਭੀ ਉੱਥੇ ਆਏ ਹੁੰਦੇ ਤਾਂ ਆਪ ਜੀ ਦੀ ਉੱਥੇ ਮੌਕੇ ਮਹਲ ਦੀ ਕਾਰਗੁਜ਼ਾਰੀ ਤੋਂ ਪ੍ਰਸੰਨਤਾ ਮਹਿਸੂਸ ਕਰਕੇ ਆਪ ਜੀ ਨੂੰ ਉਹ ਭੀ ਇਕ ਦੋ ਚਾਰ ਦਮੜੇ ਭੇਟ ਕਰਕੇ ਖੁਸ਼ੀ ਮਹਿਸੂਸ ਕਰਦੇ ਅਤੇ ਇਨ੍ਹਾਂ ਦੇ ਸਟੇਜ ਤੋਂ ਉੱਠਣ ਤੋਂ ਬਾਅਦ ਇਨ੍ਹਾਂ ਨਾਲ ਹਥ ਮਿਲਾਕੇ ਗੌਰਵਤਾ ਮਹਿਸੂਸ ਕਰਦੇ। ਆਪ ਜੀ ਸ਼ੁਰੂ ਸ਼ੁਰੂ ਵਿਚ ਤਾਂ ਸ੍ਰੀ ਹਰਿਮੰਦਰ ਸਾਹਿਬ ASR ਅੰਦਰ 3-30 to 5 P.M. (ਡੇਢ ਕੁ ਘੰਟੇ ਦੀ ਡਿਊਟੀ) ਦੇਂਦੇ ਅਤੇ ਨਾਲ ਰਾਤ ਸਮਾਪਤੀ ਸਮੇਂ ਦੀ ਆਖਰੀ 40 ਮਿੰਟ ਡਿਊਟੀ ਭੀ ਦੇਂਦੇ ਪਰ ਬਾਦ ਵਿੱਚ ਬਾਹਰ ਦੀ ਮੁਸਾਫਰੀ ਵਧ ਜਾਣ ਕਾਰਨ ਆਪ ਜੀ 40 ਮਿੰਟੀ ਡਿਊਟੀ ਛੱਡ ਦਿੱਤੀ ਅਤੇ ਇਕੋ ਚੋਕੀ 1.30 ਘੰਟੇ ਦੀ ਜਾਰੀ ਰੱਖੀ।

ਫ਼ਿਰ ਕੁਝ ਸਮੇਂ ਬਾਦ ਆਪ ਜੀ ਨੇ ਇਹ ਡਿਊਟੀ ਭੀ ਬਦਲ ਕੇ ਸੋਦਰ ਦੀ ਡਿਊਟੀ ਨਿਭਾਣੀ ਸ਼ੁਰੂ ਕਰ ਦਿੱਤੀ ਜਦ ਕਿ ਆਪ ਜੀ ਦੇ ਭੋਗ ਪਾਉਣ ਤੋਂ ਬਾਅਦ ਗ੍ਰੰਥੀ ਸਿੰਘ ਜੀ ਰਹਿਰਾਸ ਦਾ ਪਾਠ ਸ਼ੁਰੂ ਕਰ ਦੇਂਦੇ ਹਨ।

ਫਿਰ ਸਮਾਂ ਪੈਣ ਤੇ ਬਾਹਰ ਦੀ Demand ਆਪ ਜੀ ਦੀ ਇਤਨੀ ਵਧ ਗਈ ਕਿ ਮਸਾਂ ਆਪ ਜੀ 10-12 ਡਿਊਟੀਆਂ ਹੀ ਮਹੀਨੇ ਭਰ ਵਿਚ ਸ੍ਰੀ ਹਰਿਮੰਦਰ ਸਾਹਿਬ ਅੰਦਰ ਦੇ ਸਕਦੇ ਸਨ। ਪਰ ਅਜਿਹਾ ਦਾਸ ਨੂੰ ਸਖਤ ਨਾਗਵਾਰ ਗੁਜ਼ਰਦਾ ਅਤੇ ਇਨਾਂ ਦੀਆਂ ਹਰਿਮੰਦਰ ਸਾਹਿਬ ਅੰਦਰ ਦੀਆਂ ਗੈਰ ਹਾਜ਼ਰੀਆਂ ਕਈ ਹੋਰ ਸ੍ਰੋਤਿਆ ਨੂੰ ਭੀ ਹਦੋਂ ਵਧ Pinch ਕਰਦੀਆਂ ਪਰ ਦਾਸ ਨੂੰ ਤਾਂ ਅਜਿਹੀ ਸਵਾਦਲੀ ਕਲਾਕਾਰੀ ਦੀ ਅਣਹੋਂਦ ਕਈ ਵਾਰ ਗਮ ਅਤੇ ਮਾਯੂਸੀ ਕਾਰਨ (Nerve Break down) ਭੀ ਕਰ ਦੇਂਦੀ। (Local Private duties) ਭੀ ਤਾਂ ਆਪ ਜੀ ਦੇ ਸਕਦੇ ਜਦਕਿ ਆਪ ਜੀ ਇਹੀ ਦਸ ਬਾਰਾਂ ਦਿਨ ਮਹੀਨੇ ਭਰ ਵਿਚ ਇਥੇ ਅੰਮ੍ਰਿਤਸਰ ਵਿਚ ਹੁੰਦੇ।ਆਪ ਜੀ ਆਪਣੀ ਗਾਇਕੀ ਵਿਚ ਕਦੇ ਕੋਈ ਫਿਲਮੀ ਤਰਜ਼ ਯਾ ਇਸ ਦੀ ਅੰਸ਼ ਭੀ ਦਾਖਿਲ ਨਹੀਂ ਸੀ ਕਰਦੇ ਕਿਉਂਕਿ ਫਿਲਮੀ ਧੁਨ ਜੇ ਗਾਈ ਭੀ ਜਾਵੇ ਤਾਂ ਉਸ ਨਾਲ ਜੋ ਦੁਨਿਆਵੀ ਕਲਾਮ ਜੁੜੀ ਹੁੰਦੀ ਹੈ। ਉਹ ਭੀ ਥੋੜੀ ਬਹੁਤ ਫਿਰ ਸ੍ਰੋਤਿਆਂ ਉਪਰ ਅਤੇ ਗਾਇਕ ਉਪਰ ਭੀ ਅਸਰ ਅੰਦਾਜ ਹੋਣ ਲੱਗਦੀ ਹੈ। ਅਸੀਂ ਸਾਰੇ ਲੋਕ ਆਪਣੀ ਮਨ ਮਤਿ ਅਨੁਸਾਰ ਰਾਤ ਦਿਨ ਭਾਵੇਂ ਇਹ ਫਿਲਮੀ ਧੁਨਾਂ ਦੇ ਗੀਤ ਰੇਡਿਓ ਟੀ.ਵੀ. ਤੇ ਸੁਣਦੇ ਚਲੇ ਜਾਈਏ ਪਰ ਗੁਰਮਤਿ ਯਾ ਗੁਰੂ ਸਾਹਿਬਾਂ ਦਾ ਮਨਸਾ ਕੁਝ ਇੰਜ ਹੈ –

**ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਏ।**

**ਸਾਕਤ ਗੀਤ ਨਾਦ ਧੁਨਿ ਗਾਵਤ ਬੋਲਤ ਬੋਲ ਅਜਾਏ।** (ਬਿਲਾਵਲ ਮ. ੫)

ਆਪ ਜੀ ਮੌਕੇ ਮਹੱਲ ਸ਼ਾਦੀ ਗਮੀ (ਅਵਤਾਰ ਆਗਮਨ ਗੁਰਪੁਰਬ) ਸ਼ਹੀਦੀ ਗੁਰ ਪੁਰਬ ਪੁੰਨਿਆਂ ਅਮਾਵਸ ਸੰਗਰਾਂਦ ਦੁਸਹਿਰਾ ਹੋਲੀਆ ਅਤੇ ਹੋਰ ਦਿਨ ਦਿਹਾਰਾਂ ਦਾ ਖਿਆਲ ਰਖਦੇ ਹੋਏ ਉਵੇਂ ਹੀ ਸਮੇਂ ਅਨੁਸਾਰ ਸ਼ਬਦ ਦਾ ਮਜ਼ਮੂਨ ਚੁਣ ਲੈਂਦੇ ਤੇ ਉਹੀ ਪੇਸ਼ ਕਰਦੇ। ਆਪ ਜੀ ਜੇਕਰ ਕਿਸੇ ਸਹਿਜਧਾਰੀ ਗੁਰੂ ਨਾਨਕ ਨਾਮ ਲੇਵਾ ਸਜਨ ਦੇ ਬੁਲਾਵੇ ਤੇ ਕੀਰਤਨ ਜਾਂਦੇ ਤਾਂ ਉੱਥੇ ਭਾਈ ਗੁਰਦਾਸ ਜੀ ਦੀ ਰਚਨਾ ਵਿਚੋਂ ਪ੍ਰਮਾਣਾਂ ਦੀ ਸ਼ਕਲ ਵਿਚ ਅੰਦਰ ਸਭਾ ਦੁਸਾਸਨੈ, ਥੰਮ ਪਾੜ ਪ੍ਰਗਟਿਆ, ਆਇਆ ਸੁਣਿਆਂ ਬਿਦਰ ਦੇ, ਧਰੂ ਹਸਦਾ ਘਰ ਆਇਆ ਇਤਿ ਆਦਿਕ ਵਾਰਾਂ ਦੇ ਬੋਲ ਪੇਸ਼ ਕਰਦੇ ਕਿ ਉੱਥੇ ਬੈਠੇ ਕੀਰਤਨ ਤੋਂ ਅਣਜਾਣ ਸ੍ਰੋਤੇ ਭੀ ਖੁਸ਼ੀ ਨਾਲ ਝੂਮਣ ਲਗਦੇ ਅਤੇ ਆਪ ਜੀ ਬਤੌਰ ਫੈਮਲੀ ਮੈਂਬਰ ਉੱਥੇ ਘੁਲ ਮਿਲ ਜਾਂਦੇ। ਕੋਈ ਇਮਤਿਯਾਜ ਨਾ ਰਹਿੰਦਾ ਕਿ ਇਸ ਰਬੀ ਯਾਦ

ਪਿਆਰ ਵਾਲੀ ਮਹਿਫਿਲ ਵਿਚ ਸਿੱਖ ਕੌਣ ਅਤੇ ਹਿੰਦੂ ਕੌਣ? ਯਾ ਗਾਇਕ ਕਲਾਕਾਰ ਮੁਸਲਮਾਨ ਕੌਣ? "ਸਭੇ ਸਾਂਝੀਵਾਲ ਸਦਾਇਨ। ਕੋਇ ਨ ਦਿਸੈ ਬਾਹਰਾ ਜੀਓ।" ਕਈ ਪ੍ਰੇਮੀ ਸੱਜਣ ਤਾਂ ਆਪ ਜੀ ਨੂੰ ਅਦਬ ਸਤਿਕਾਰ ਵਜੋਂ ਚਾਂਦੀ ਦੇ ਬਰਤਨਾਂ ਵਿਚ ਖਾਣਾਂ ਦਾਣਾਂ ਪੇਸ਼ ਕਰਦੇ।

ਹਾਂ ਭਾਈ ਚਾਂਦ ਜੀ ਦੇ ਸ਼ਾਗਿਰਦ ਤਾਂ ਦਾਸ ਜੀ ਨਜ਼ਰੇ ਦੋ ਹੀ ਰਹੇ ਹਨ। ਇਕ ਭਾਈ ਤੇਗਾ ਸਿੰਘ (ਜੋ ਕਿ ਕਈ ਸਾਲਾਂ ਤੋਂ ਸਵਰਗਵਾਸ ਹੋ ਚੁੱਕੇ ਹਨ)।

ਹਾਂ ਪਰ ਜਿਸ ਦਾ ਗਲਾ ਬਿਲਕੁਲ ਕੰਮ ਨਹੀਂ ਸੀ ਕਰਦਾ ਇਸ ਸਜਨ ਨੇ ਭਾਈ ਸਾਹਿਬ ਜੀ ਦੀ ਕਾਫੀ ਸੇਵਾ ਸ੍ਰੀਰਕ ਤੌਰ ਤੇ ਭੀ ਕੀਤੀ। ਪਰ ਇਸ ਹੁਨਰ ਵਿਚ ਕਾਮਯਾਬ ਨਾ ਹੋ ਸਕਿਆ ਅਤੇ ਫਿਰ ਕਈ ਸਾਲ ਬਾਦ ਵਿੱਚ ਅਫ਼ਰੀਕਾ ਚਲਾ ਗਿਆ ਅਤੇ ਉੱਥੇ ਸ਼ਾਇਦ ਕਿਸੇ ਗੁਰਦਵਾਰੇ ਵਿਚ (ਗਾਉਣ ਨੂੰ ਛੱਡ ਕੇ) ਹੋਰ ਡਿਊਟੀਆਂ ਨਿਭਾਉਂਦਾ ਰਿਹਾ। ਦੂਜੇ ਸ਼ਾਗਿਰਦ ਆਪ ਜੀ ਦੇ ਭਾਈ ਬਲਵੰਤ ਸਿੰਘ ਜੀ ਕਲਕੱਤੇ ਵਾਲੇ ਸਨ ਜੋ ਕਿ ਪਹਿਲੇ ਹੀ ਗ਼ਾਲਬਨ ਢਾਕਾ ਰੇਡੀਓ ਤੇ ਪ੍ਰੋਗਰਾਮ ਦੇਂਦੇ ਰਹੇ ਸਨ ਇਨਾਂ ਨੇ ਭਾਈ ਚਾਂਦ ਜੀ ਦੀ ਗਾਇਕੀ ਦਾ ਕੁਝ ਸਾਲ ਤੌਰ ਤਰੀਕਾ ਅਪਨਾਇਆ ਅਤੇ ਖਾਸੇ ਨੁਮਾਯਾਂ ਕਾਮਯਾਬ ਭੀ ਰਹੇ। ਆਪ ਜੀ ਪਗੜੀ ਭੀ ਭਾਈ ਚਾਂਦ ਜੀ ਦੀ ਹੂ-ਬਹੂ ਨਕਲ ਕਰਕੇ ਬੰਨਿਆ ਕਰਦੇ ਸਨ। ਆਪ ਜੀ 5 ਜਨਵਰੀ 1985 ਨੂੰ ਪ੍ਰਲੋਕ ਸਿਧਾਰ ਗਏ ਸੀ ਅਤੇ ਆਪ ਜੀ ਦੀ ਭਾਈ ਚਾਂਦ ਜੀ ਦੀ ਨਕਲ ਕੀਤੀ ਪਗੜੀ ਇਨਾਂ ਦੇ ਲੜਕੇ ਨੇ ਉਵੇਂ ਹੀ ਬਤੌਰ ਰਸਮੇ-ਵਫਾ ਅਤੇ ਯਾਦ ਹੁਣ ਤਕ ਸੰਭਾਲ ਕੇ ਅੰਮ੍ਰਿਤਸਰ ਵਿਚ ਰਖੀ ਹੋਈ ਹੈ। ਅੰਮ੍ਰਿਤ ਕੀਰਤਨ ਦੇ ਅੰਕ 11 ਅਪ੍ਰੈਲ 1990 ਸਫਾ 15 ਉੱਪਰ ਪ੍ਰੋ: ਰਣਜੀਤ ਸਿੰਘ ਜੀ ਨੇ ਭਾਈ ਗੁਰਮੁਖ ਸਿੰਘ ਜੀ ਨੂੰ ਜੋ ਕਿ ਅੱਖਾਂ ਤੋਂ ਮੁਨਾਖੇ ਸਨ ਭਾਈ ਚਾਂਦ ਜੀ ਦਾ ਹੀ ਸ਼ਾਗਿਰਦ ਬਿਆਨਿਆ ਹੈ। ਪਰ ਪਤਾ ਨਹੀਂ ਇਹ ਸੱਜਨ ਦਾਸ ਦੀ ਨਜਰੋਂ ਸੰਨ 36 ਤੋਂ ਅਖੀਰ ਤਕ ਕਿਵੇਂ ਓਝਲ ਰਹੇ? ਜਦਕਿ ਦਾਸ ਭਾਈ ਚਾਂਦ ਜੀ ਨਾਲ ਤਾਂ 12 ਕੁ ਸਾਲ ਤਕਰੀਬਨ ਨੱਥੀ ਹੀ ਰਿਹਾ ਹੈ। ਫਿਰ ਭੀ ਸ਼ਾਇਦ ਦਾਸ ਦੀ ਯਾਦ ਚੋਂ ਆਪ ਨਿਕਲ ਗਏ ਹੋਣ ਉਪਰੋਕਤ ਇਕ ਅਰਜ਼ ਇਹ ਭੀ ਹੈ ਕਿ ਰਬਾਬੀ ਸੱਜਣ ਆਪਣੀ ਗਾਇਕੀ ਵਿਚ ਇਸ ਲਈ ਭੀ ਮੋਹਰੇ ਪੇਸ਼ ਅਤੇ ਪ੍ਰਬੀਨ ਸਨ ਕਿ ਇਹਨਾਂ ਨੇ Classical music ਦੀ ਪਿਤਾ ਪੁਰਖੀ ਤਾਲੀਮ ਜ਼ਰੂਰ ਹੀ ਕੁਝ ਨਾ ਕੁਝ ਲੀਤੀ ਹੀ ਹੁੰਦੀ ਸੀ। ਸੋ ਜਿੱਥੇ ਗਾਉਣ ਵਜਾਉਣ ਦਾ ਜ਼ਿਕਰ ਹੋਊ ਉੱਤੇ ਸ਼ਾਸਤਰੀ ਸੰਗੀਤ ਦੀ ਪ੍ਰਧਾਨਤਾ ਭੀ ਅਵਸ਼ ਹੀ ਕਬੂਲਣੀ ਪਊ ਸੋ ਜੇਕਰ ਕਿਸੇ ਭੀ ਰਾਗੀ ਰਬਾਬੀ ਸੱਜਣ ਨੇ ਸ਼ਾਸਤਰੀ ਸੰਗੀਤ ਦੀ ਤਾਲੀਮ ਤਾਂ ਨਾ ਲੀਤੀ ਹੋਵੇ ਅਤੇ ਐਵੇਂ ਸਾਜ਼ ਫੜਕੇ ਸਟੇਜ ਤੇ ਆ ਜਾਵੇ ਤਾਂ ਕਦੇ ਭੀ ਉਹ ਕਾਮਯਾਬੀ ਹਾਸਿਲ ਨਹੀਂ ਕਰ ਸਕਦਾ ਅਤੇ ਇੰਜ ਨਾ ਹੀ ਉਸਦੀ ਗਾਇਕੀ ਕਿਸੇ ਸਿਆਣੇ ਸ੍ਰੋਤੇ ਨੂੰ ਕੀਲ ਸਕਦੀ ਹੈ ਯਾ ਪ੍ਰਭਾਵਿਤ ਕਰ ਸਕਦੀ ਹੈ। This is without prejudice।

ਪਾਠਕ ਸੱਜਣ ਇਹ ਜਾਣਕੇ ਹੈਰਾਨ ਹੋਣਗੇ ਕਿ ਸ਼ਾਸਤਰੀ ਸੰਗੀਤ ਦੇ ਇਕ ਮਾਹਿਰ ਸ੍ਰੀ ਦੇਬੂ ਚੋਧਰੀ ਜੋ ਕਿ ਪਿੱਛੇ ਦਿੱਲੀ ਵਿਸ਼ਵ-ਵਿਦਿਆਲਾ ਵਿਚ ਸੰਗੀਤ ਵਿਭਾਗ ਦੇ ਪ੍ਰੋਫੈਸਰ ਸਨ ਨੇ ਇਕ ਵਾਰ ਕਿਹਾ ਸੀ ਕਿ ਸ਼ਾਸਤਰੀ ਸੰਗੀਤ public ਦਾ ਸਿਰਫ਼ ਮਨਰੰਜਨ ਹੀ ਨਹੀਂ ਕਰਦਾ ਬਲਕਿ ਘਾਤਕ ਅਤੇ ਅਸਾਧਯ ਬੀਮਾਰੀਆਂ ਦਾ ਇਲਾਜ ਭੀ ਇਸ ਨਾਲ ਸੰਭਵ ਹੈ। ਮਸਲਨ ਰਾਗ ਭੈਰਵੀ ਨਾਲ ਤੇਜ ਬੁਖਾਰ ਉਤਰ ਜਾਂਦਾ ਹੈ। ਰਾਗ ਗੌਂਡ ਸਾਰੰਗ, ਦੁਰਗਾ ਅਤੇ ਬਿਹਾਗ ਨਾਲ ਹਾਰਟ-ਟਰੱਬਲ ਦੂਰ ਹੋ ਸਕਦੀ ਹੈ। ਰਾਗ ਦੁਰਗਾਵਤੀ ਨਾਲ high blood pressure ਠੀਕ ਹੋ ਸਕਦਾ ਹੈ। ਇਤਨਾ ਹੀ ਨਹੀਂ ਦਮਾਂ ਅਲਸਰ ਅਤੇ ਮਾਨਸਿਕ ਰੋਗ ਭੀ ਅਜਿਹੇ ਸੰਗੀਤ ਨਾਲ ਠੀਕ ਹੋ ਸਕਦੇ ਹਨ। ਨਾਲ ਹੀ ਉਨ੍ਹਾਂ ਫੁਰਮਾਇਆ ਕਿ ਜੇਕਰ ਇਨ੍ਹਾਂ ਦੀ ਗਾਇਕੀ ਸਮੇਂ ਵਿਚ ਕੋਈ ਸ੍ਵਰ ਗਲਤ ਲਗ ਜਾਏ ਤਾਂ ਮਰੀਜ਼ ਤੇ ਉਲਟਾ ਅਸਰ ਭੀ ਹੋ ਸਕਦਾ ਹੈ।

ਕਾਸ਼ ਅਜਿਹੇ ਉੱਚ ਕੋਟੀ ਦੇ ਸ਼ਾਸਤਰੀ ਸੰਗੀਤ ਗਾਇਕ ਕੀਰਤਨਕਾਰ ਵਾਹਿਗੁਰੂ ਸਾਨੂੰ ਇਸ ਦੌਰ ਚ ਭੀ

ਲਿਆ ਸਾਹਮਣੇ ਕਰੇ। ਪਰ ਦਾਸ ਦੀ ਇਸ ਬੁਢੇਪੇ ਦੀ ਹਯਾਤੀ ਵਿਚ ਤਾਂ ਫਿਲਹਾਲ ਅਜਿਹੇ ਕੋਈ ਆਸਾਰ ਨਜ਼ਰ ਨਹੀਂ ਆ ਰਹੇ। ਚਲੋ ਜਿਵੇਂ ਉਸ ਮਾਲਕ ਦੀ ਰਜ਼ਾ।

ਭਾਈ ਚਾਂਦ ਜੀ ਥੋੜ੍ਹੀ ਮਜ਼ਾਹੀਆ ਤਬੀਅਤ ਭੀ ਰੱਖਦੇ ਸਨ। ਪਰ ਅਜਿਹਾ ਮਜ਼ਾਕ ਨਹੀਂ ਸਨ ਕਰਦੇ ਜੋ ਦੂਸਰੇ ਦੀ ਇੱਜ਼ਤ ਤੇ ਹਥ ਪਵੇ ਯਾ ਉਹ ਜਾਣ ਪਹਿਚਾਣ ਵਾਲਾ ਸਖਸ ill Feel ਕਰੇ। ਇਕ ਵਾਰ ਕਿਸੇ ਸੱਜਣ ਨੇ ਬਾਹਰ ਪ੍ਰਦੇਸ਼ ਚ ਆਪ ਜੀ ਨੂੰ ਪੁੱਛਿਆ ਕਿ ਭਾਈ ਸਾਹਿਬ ਰਾਤ ਡੇਰਾ ਕਿੱਥੇ ਆਪ ਨੇ ਕੀਤਾ ਹੈ? ਜਵਾਬ ਵਜੋਂ ਆਪ ਜੀ ਬੋਲੇ ਕਿ ਫਿਲਹਾਲ ਤਾਂ ਕੋਈ ਪਤਾ ਨਹੀਂ ਜਦ ਅੱਧੀ ਰਾਤ ਡਿਊਟੀ ਦੇ ਕੇ ਉਠਾਂਗੇ ਫਿਰ ਦੇਖੋ ਪ੍ਰਬੰਧਕ ਕਿਹੜੇ ਰੁਖ ਨਾਲ ਲਟਕਣ ਲਈ (ਚਮਗਿਦੜਾਂ ਵਾਂਗ) ਕਹਿ ਦੇਣ? ਸੋ ਚਲੋ ਜਿਥੇ ਅਸੀਂ ਲਟਕਾਂਗੇ ਤੁਸੀਂ ਭੀ ਬੇਸ਼ਕ ਉਸੇ ਰੁਖ ਨਾਲ ਹੀ ਲਟਕ ਜਾਣਾ। ਆਪ ਜੀ ਬਾਰੇ ਕੁਝ ਹੋਰ ਮੁਖਤਲਿਫ਼ ਯਾਦਾਂ ਭੀ ਹਨ।

ਇਕ ਵਾਰ ਸ੍ਰੀ ਤਰਨਤਾਰਨ ਦਰਬਾਰ ਸਾਹਿਬ ਵਿਖੇ ਰਾਤ ਨੂੰ ਆਪ ਜੀ ਦੀ ਡਿਊਟੀ ਸ਼ੁਰੂ ਹੋਈ। ਜਦ ਆਪ ਜੀ ਨੇ ਮੰਗਲਾ ਚਰਨ ਕਰਕੇ ਕੁਝ ਰਾਗ ਰੰਗ ਦਾ ਸਰੂਪ ਪੇਸ਼ ਕਰਨ ਤੋਂ ਬਾਦ ਇਕ ਕਵਾਲੀ ਨੁਮਾ ਤਰਜ਼ ਵਿਚ ਕੁਝ ਗਾਇਨ ਸ਼ੁਰੂ ਕੀਤਾ ਤਾਂ ਵਿਚੋਂ ਕੁਝ ਸੰਗਤ ਸੁਰੀ-ਬੇਸੁਰੀ ਨਾਲ ਬੋਲਣ ਲਗ ਪਈ। ਆਪ ਜੀ ਨੇ ਤਬਲੇ ਤੇ ਹੱਥ ਰਖਕੇ ਫੋਰਨ ਸਾਜ਼ ਠਪ ਕਰ ਦਿਤੇ ਅਤੇ ਦਾਸ ਦੀ ਮੌਜੂਦਗੀ ਵਿਚ ਕਹਿਣ ਲੱਗੇ :

ਸੰਗਤ ਜੀ, ਮੇਰੇ ਧੰਨ ਭਾਗ ਕਿ ਅੱਜ ਮੈਨੂੰ ਭੀ ਕੁਝ ਸ੍ਰਵਣ ਕਰਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਗਾਉਂਦਾ ਬੋਲਦਾ ਤਾਂ ਮੈਂ ਰੋਜ਼ ਹੀ ਹਾਂ। ਇਤਨੇ ਵਿਚ ਸਨਾਟਾ ਛਾ ਗਿਆ ਅਤੇ ਆਪ ਜੀ ਨੇ ਫਿਰ ਆਪਣਾ ਪ੍ਰੋਗਰਾਮ ਚਾਲੂ ਕੀਤਾ। ਆਪ ਜੀ ਜ਼ਬਾਨ ਦੇ ਭੀ ਬੜੇ ਮਿਠ ਬੋਲੇ ਸਨ ਦੀਵਾਨ ਸਮੇਂ ਕੋਈ ਛੋਟਾ ਬੱਚਾ ਫਿਰਦਾ ਤੁਰਦਾ ਹੋਵੇ ਸ਼ੋਰੋ ਗੁਲ ਕਰੇ ਤਾਂ ਆਪ ਜੀ ਉਸਨੂੰ ਯਾ ਉਸਦੇ ਵਾਰਸਾਂ ਨੂੰ ਝਿੜਕਾਂ ਨਹੀਂ ਸਨ ਮਾਰਦੇ ਬਲਕਿ ਖਬੇ ਹੱਥ ਦੇ ਇਸ਼ਾਰੇ ਨਾਲ ਕਹਿ ਦੇਂਦੇ 'ਪੁੱਤਰ ਜੀ ਬੈਠ ਜਾਉ ਬੇਟਾ ਬੈਠ ਜਾਉ ਅਜਿਹਾ ਸੁਣਕੇ ਫੌਰਨ ਉਸਦੀ ਮਾਤਾ ਯਾ ਹੋਰ ਕੋਈ ਵਾਰਸ ਉਸਨੂੰ ਫੜਕੇ ਪਰੇ ਲੈ ਜਾਂਦਾ। ਮੈਨੂੰ ਯਾਦ ਹੈ ਸਾਡੇ ਇਕ ਬਜ਼ੁਰਗ ਪਰ ਗੁਰਮਤਿ ਦੇ ਪੁਰਾਣੇ ਖੋਜੀ ਬੜੇ ਵਿਦਵਾਨ ਅਤੇ ਤਜਰਬਾਕਾਰ ਸਿਦਕੀ ਕਥਾਕਾਰ ਹੁੰਦੇ ਸਨ ਜੋ ਕਿ ਗੁਰੂ ਕੇ ਬਾਗ ਵਿਖੇ ਅਤੇ ਬਾਬਾ ਅਟਲ ਬਾਰਾਂ ਦਰੀ ਉਪਰ ਭੀ ਕਈ ਸਾਲ ਬੜੀ ਸਿਧਾਂਤ ਰਸ-ਭਰਪੂਰ ਕਥਾ ਕਰਿਆ ਕਰਦੇ ਸਨ। ਅਰਦਾਸ ਤਾਂ ਇੰਜ ਗੁਰੂ ਕੇ ਪਿਆਰ ਵਿਚ ਡੁਬਕੇ ਤਰਲੇ ਲੈ ਕੇ ਕਰਦੇ ਸਨ ਕਿ ਸ੍ਰੋਤਿਆਂ ਦੀ ਬਿਰਤੀ ਗੁਰੂ ਦੀ ਸ਼ਰਨ ਵਿਚ ਬਹੁਤ ਇਕਾਗਰ ਹੋ ਜਾਂਦੀ ਕਈ ਸਾਲ ਹੋਏ ਗਾਲਬਨ ਸੰਨ 56 ਵਿਚ ਸਵਰਗਵਾਸ ਹੋ ਚੁੱਕੇ ਹਨ। ਪਰ ਇਕ ਗੱਲ ਸੀ ਆਪ ਜੀ ਗੁਸੈਲ ਭੀ ਬਹੁਤ ਸਨ (ਦਾਸ ਇਥੇ ਉਨ੍ਹਾਂ ਦਾ ਨਾਮ ਨਹੀਂ ਲਿਖਦਾ) ਆਪ ਜੀ ਦੀ ਕਥਾ ਸਮੇਂ ਅਗਰ ਕੋਈ ਨਿਆਣਾ ਯਾ ਬੱਚਾ ਇੰਜ ਵਿਚ ਬਾਰ ਬਾਰ ਫਿਰਦਾ ਯਾ ਰੌਲਾ ਰੱਪਾ ਪਾਂਦਾ ਤਾਂ ਆਪ ਜੀ ਫੋਰਨ ਇੰਜ ਝਿੜਕਾਂ ਦੇ ਕੇ ਤੇ ਡਾਂਟ ਪਿਲਾਕੇ ਉਸ ਦੇ ਵਾਰਸ ਯਾ ਮਾਤਾ ਨੂੰ ਕਥਾ ਚੋਂ ਉਠਾ ਦੇਂਦੇ। "ਚੁਕੋ ਮਾਈ ਕਿਹਦਾ ਬਾਲ ਹੈ? ਘਰੋਂ ਜੰਮ ਕੇ ਇਥੇ ਨਾਲ ਨਿਆਣਿਆਂ ਨੂੰ ਲੈ ਆਉਂਦੀਆਂ ਹਨ ਤੇ ਆ ਜਾਂਦੀਆਂ ਹਨ, ਇਥੇ ਕਥਾ ਸੁਣਨ" ਸੋ ਅਜਿਹੇ ਬੋਲ ਸੁਣਕੇ ਉਹ ਮੁਤਅੱਲਿਕ ਭੈਣ ਯਾ ਮਾਤਾ ਨਿੰਮੋਝੂਣੀ ਹੋ ਕੇ ਫੌਰਨ ਬਾਲ ਨੂੰ ਚੁਕਕੇ ਕਥਾ ਮਾਹੌਲ ਵਿਚੋਂ ਬਾਹਰ ਚਲੀ ਜਾਂਦੀ। ਪਰ ਵਾਜਿਹ ਰਹੇ ਕਿ ਉਪਰੋਕਤ ਕਥਾਕਾਰ ਵਿਦਵਾਨ ਦਿਲੋਂ ਖੋਟੇ ਨਹੀਂ ਸਨ। ਪਰ ਗੁਰਬਾਣੀ ਵਿਚ ਇਹ ਹਕੀਕਤ ਜੋ ਫੁਰਮਾਈ ਗਈ ਹੈ ਕਿ-

**"ਇਸ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ ਕ੍ਰੋਧੁ ਲੋਭ ਮੋਹ ਅਹੰਕਾਰਾ।**

**ਅੰਮ੍ਰਿਤ ਲੂਟਹਿ ਮਨਮੁਖ ਨਹੀਂ ਬੂਝਹਿ ਕੋਇ ਨ ਸੁਣੈ ਪੁਕਾਰਾ"**

ਸ਼ਾਇਦ ਭਾਈ ਗੁਰਦਾਸ ਜੀ ਦਾ ਭੀ ਕੌਲ ਹੈ ਕਿ "ਮਾਨਸ ਦੇਹੀ ਪੰਜ ਰੋਗ ਪੰਜੇ ਦੂਤ ਕਸੂਤ ਕਰੇਦੇਂ॥

ਸੋ ਇੰਜ ਕੋਈ ਨਾ ਕੋਈ ਇਲਤ ਬੁਰਾਈ ਬਲਾ ਤਾਂ ਹਰ ਮਨੁੱਖ ਨੂੰ ਕਿਸੇ ਹਦ ਤਕ ਅਕਸਰ ਚਬੰੜੀ ਹੀ ਰਹਿੰਦੀ ਹੈ। ਦਾਸ ਵਰਗੇ ਕਈ ਲੋਕਾਂ ਨੂੰ ਤਾਂ ਸ਼ਾਇਦ ਪੰਜੇ ਬੁਰਾਈਆਂ ਹੀ ਵੇਲੇ ਕੁਵੇਲੇ ਘੇਰੀ ਰਹਿੰਦੀਆਂ ਹੋਣ।

ਹਾਂ : ਭਾਈ ਚਾਂਦ ਜੀ ਜਦ 10, 12, 15 ਦਿਨ ਕਦੇ ਅੰਮ੍ਰਿਤਸਰ ਵਿਖੇ ਹੁੰਦੇ ਅਤੇ ਵਿਚ ਕੋਈ ਗੁਰਪੁਰਬ ਖਾਸ ਆ ਜਾਂਦੇ ਤਾਂ ਆਪ ਜੀ ਦੇ ਜਥੇ ਦੀ ਡਿਊਟੀ ਭੀ ਸ੍ਰੀ ਅਕਾਲ ਤਖਤ ਤੇ ਰਾਤ end ਤੇ ਲਗ ਜਾਂਦੀ ਅਤੇ ਨਗਰ ਕੀਰਤਨ ਜੋ ਬਜ਼ਾਰੋ ਬਜ਼ਾਰ ਨਿਕਲਦਾ ਉਸ ਵਿਚ ਭੀ ਭਾਈ ਤਾਬਾ ਸੰਤੂੰ ਜੀ ਦਾ ਜਥਾ ਤੇ ਕੁਝ ਹੋਰ ਸਮੇਂ ਦੇ ਉੱਘੇ ਰਾਗੀ ਜਥੇ ਭੀ ਤਾਂਗਿਆਂ ਵਿਚ ਬੈਠਕੇ ਕੀਤਰਨ ਰਾਹੀਂ ਸੰਗਤਾਂ ਤੇ ਰਾਹਗੁਜ਼ਰਾਂ ਨੂੰ ਗੁਰੂ ਜਸ ਸੁਣਾਉਂਦੇ ਅਤੇ ਇੰਜ ਹਰ ਜਥੇ ਨੂੰ ਕਾਫੀ ਸ਼ਬਦ ਭੇਟ ਪ੍ਰਾਪਤ ਹੋ ਜਾਂਦੀ। ਪਰ ਭਾਈ ਚਾਂਦ ਜੀ ਨੂੰ ਤਾਂ ਕਾਫੀ ਤੋਂ ਭੀ ਕਾਫੀ ਮਾਇਆ ਇੰਜ ਪ੍ਰਾਪਤ ਹੁੰਦੀ।

ਇਕ ਵਾਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਡਿਊਟੀ ਸਮੇਂ ਰਿਸ਼ਤੇ ਚੋਂ ਭਾਈ ਚਾਂਦ ਜੀ ਦਾ ਵੱਡਾ ਭਰਾ ਭਾਈ ਚਾਨਣ ਪਤਾ ਨਹੀਂ ਕੁਝ ਮਿੰਟ ਕਿਹੜੇ ਖਿਆਲਾਂ ਤੇ ਸੋਚਾਂ ਵਿਚ ਗਲਤਾਨ ਰਿਹਾ? ਉਸਨੇ ਨਾ ਆਵਾਜ਼ ਲਗਾਈ ਤੇ ਨਾ ਕੁਝ ਭਾਈ ਚਾਂਦ ਜੀ ਦੀ ਹੋਰ ਮਦਦ ਖਾਸ ਕੀਤੀ। ਦਾਸ ਇਨ੍ਹਾਂ ਦੇ ਪਿੱਛੇ ਬੈਠਾ ਸੀ। ਭਾਈ ਚਾਂਦ ਜੀ ਹੌਲੇ ਜਿਹੇ ਗੁਸੇ ਭਰੇ ਮੂਡ ਵਿਚ ਭਾਈ ਚਾਨਣ ਨੂੰ ਇੰਜ ਆਖਿਆ ਕਿ ਤੂੰ ਓਦੋਂ ਬੋਲੋ ਗਾ ਜਦੋਂ ਮੈਂ ਮਰ ਜਾਵਾਂਗਾ"? ਭਾਵ ਕਿ ਭਾਈ ਚਾਂਦ ਜੀ ਡਿਊਟੀ ਸਮੇਂ ਕਦੇ ਭੀ ਆਪਣੇ ਖੱਬੇ ਸੱਜੇ ਸਾਥੀ ਦੀ ਕਾਂਣ ਕਸਰ ਬ੍ਰਦਾਸ਼ਤ ਨਹੀਂ ਸਨ ਕਰਦੇ। ਭਾਈ ਸਾਹਿਬ ਲਿਹਾਜ਼ ਖੋਰ ਭੀ ਕਾਫੀ ਸਨ। ਖੁਦ ਭੀ ਇੱਜ਼ਤ ਇਹਤਰਾਮ ਨਾਲ ਦੂਜਿਆਂ ਦੇ ਅੱਡਿਆਂ ਸੱਦਿਆਂ ਤੇ ਜਾਂਦੇ। ਅਤੇ ਆਪ ਭੀ ਬੁਲਾਉਣ ਵਾਲਿਆਂ ਦਾ ਇਹਤਰਾਮ ਕਰਦੇ। ਸੰਨ ਗਾਲਬਨ 1936 ਸੀ। ਜਦ ਦਾਸ ਨੇ ਬੇ-ਵਾਕਿਫ ਹੁੰਦੇ ਹੋਏ ਹੀ ਆਪ ਜੀ ਨੂੰ ਆਪਣੇ ਗਰੀਬ ਖਾਨੇ ਸੁਖ ਸਹਿਜ ਪਾਠ ਦੇ ਭੋਗ ਤੇ ਬੁਲਾਇਆ ਤਾਂ ਆਪ ਜੀ ਨੂੰ ਸਿਰਫ ਚਾਰ ਰੁਪੈ ਸ਼ਬਦ ਭੇਟ ਅਰਪਨ ਕੀਤੀ। ਆਪ ਜੀ ਲੋਕਲ ਤਾਂ ਕਦੇ ਕਿਸੇ ਬੁਲਾਣ ਵਾਲੇ ਸ਼ਖ਼ਸ਼ ਨਾਲ ਸ਼ਬਦ ਭੇਟ ਤਹਿ ਨਹੀਂ ਸਨ ਕਰਦੇ ਬਾਹਰ Out Station ਬਾਰੇ ਦਾ ਦਾਸ ਨੂੰ ਕੁਝ ਪਤਾ ਨਹੀਂ ਹੈ। ਬਾਦ-ਅਜ਼ਾ ਤਾਂ ਭਾਈ ਸਾਹਿਬ ਦਾਸ ਤੋਂ ਕਦੇ ਕੋਈ ਦਾਸ ਦੇ ਜ਼ਾਤੀ ਸੱਦੇ ਦਾ ਧੇਲਾ ਨਹੀਂ ਸਨ ਲਿਆ ਕਰਦੇ। ਦਾਸ ਦੀ ਸ਼ਾਦੀ ਸਮੇਂ ਸੰਨ 1940 ਵਿਚ ਸਿਹਰਾ ਗੁਰਬਾਣੀ ਦੇ ਆਧਾਰ ਤੇ ਆਪ ਜੀ ਨੇ ਲਿਖਕੇ ਦਿੱਤਾ ਅਤੇ ਸਿਹਰਾ ਬੰਦੀ ਤੋਂ ਘੰਟਾ-ਕੁ ਪਹਿਲੇ ਦਾਸ ਦੇ ਅੱਡੇ ਤੇ ਸ਼ਬਦ ਕੀਰਤਨ ਭੀ ਆਪ ਜੀ ਨੇ ਕੀਤਾ। ਅਤੇ ਫਿਰ ਇਕਲੇ ਬ੍ਰਾਤ ਦੇ ਨਾਲ ਭੀ ਗਏ। ਵੈਸੇ ਦਾਸ ਨੇ ਆਪ ਜੀ ਨੂੰ ਦਰਜਨਾਂ ਜਗ੍ਹਾ ਤੇ ਕੀਰਤਨ ਸੰਬੰਧ ਵਿਚ ਕਈ ਥਾਵਾਂ ਤੇ (Local) ਭਿਜਾਇਆ ਅਗਰ ਉਸੇ ਦਿਨ ਅਤੇ ਸਮੇਂ ਆਪ ਜੀ Free ਹੁੰਦੇ ਤਾਂ ਦਾਸ ਦੇ ਕਹੇ ਯਾ ਦੱਸੇ ਅਡੇ ਤੇ ਜ਼ਰੂਰ ਜਾਂਦੇ। ਦਾਸ ਭੀ ਆਪ ਜੀ ਜਦ ਬਾਹਰ ਪ੍ਰਦੇਸ਼ ਗਏ ਹੁੰਦੇ ਤਾਂ ਆਪ ਜੀ ਦੇ ਘਰ ਬੂਹੇ ਦੀ ਸੁਧ-ਸੰਭਾਲ ਬਾਰੇ-ਗਾਹੇ-ਬਗਾਹੇ ਪੁਛ ਪ੍ਰਤੀਤ ਕਰਦਾ ਰਹਿੰਦਾ ਅਤੇ ਆਪ ਜੀ ਕਦੇ ਕੋਈ ਕੰਮ ਕਹਿ ਦੇਂਦੇ ਤਾਂ ਦਾਸ ਉਸ ਨੂੰ ਸਿਰੇ ਚਾੜ੍ਹ ਦਿਲੀ-ਪ੍ਰਸੰਨਤਾ ਮਹਿਸੂਸ ਕਰਦਾ। ਕਈ ਵਾਰ ਆਪ ਜੀ ਬਾਹਰੋਂ ਪ੍ਰਦੇਸੋਂ ਆ ਕੇ ਘਰ ਥੱਕੇ ਮਾਦੇ ਜਦ ਕੁਝ ਆਰਾਮ ਕਰਦੇ ਤਾਂ ਬਾਹਰੋਂ ਲਿਆਂਦੀ ਮਾਇਆ ਦਾਸ ਇਹ ਅਮਾਨਤ ਆਪ ਜੀ ਵਲੋਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਭਾਈ ਸੁਰਜਨ ਸਿੰਘ ਜੀ ਅਰਦਾਸੀਆਂ ਹੱਥ ਜਮ੍ਹਾਂ ਕਰਾ ਦੇਂਦਾ।

ਅਖੀਰ ਸੰਨ 1946 ਦੇ ਗਾਲਬਨ ਸ਼ੁਰੂ ਵਿਚ ਹੀ ਆਪ ਜੀ ਦੇ ਫੇਫੜਿਆਂ ਵਿਚ ਕੁਝ ਤਕਲੀਫ ਤੇ ਨੁਕਸ ਭਾਸਣ ਲਗ ਪਿਆ। ਹਕੀਮ ਡਾਕਟਰਾਂ ਦਸਿਆ ਕਿ ਆਪ ਦੀ ਸੀਨੇ ਦੇ ਜ਼ੋਰ ਨਾਲ ਕੀਤੀ ਭਰਵੀਂ ਗਾਇਕੀ ਹੀ ਇਸ ਤਕਲੀਫ ਦਾ ਕਾਰਨ ਹੈ। ਅਤੇ ਅੱਗੇ ਤੋਂ ਆਪ ਜੀ ਨੂੰ ਉਨ੍ਹਾਂ ਹਦਾਇਤ ਕੀਤੀ ਕਿ ਆਪ ਜੀ ਹਲਕਾ ਆਹਿਸਤਾ ਤੇ ਥੋੜਾ ਤੇ ਸਾਦਾ ਗਾਇਨ ਕੀਤਾ ਕਰੋ ਅਤੇ Rest ਜ਼ਿਆਦਾ ਕਰੋ।ਆਪ ਜੀ ਨੇ ਫਿਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਸਰਵਿਸ ਤਾਂ ਛੱਡ ਦਿੱਤੀ ਪਰ ਆਪ ਜੀ Private ਕੀਰਤਨ Public ਵਲੋਂ ਬੁਲਾਏ ਜਾਣ

ਤੇ ਕਰਦੇ ਰਹੇ। ਲੋਕਲ ਭੀ ਤੇ out stations ਤੇ ਵੀ ਭਾਵੇਂ ਨਾਲ ਨਾਲ ਦਵਾ ਦਾਰੂ ਭੀ ਲੈਂਦੇ ਰਹੇ। ਨਤੀਜੇ ਵਜੋਂ ਆਪ ਜੀ ਫਿਰ ਚੋਖੇ ਬੀਮਾਰ ਰਹਿਣ ਲੱਗ ਪਏ ਅਤੇ ਆਪ ਜੀ ਦੀ ਸਿਹਤ ਭੀ ਕਦਰੇ ਡਾਊਨ ਹੋਣ ਲੱਗ ਪਈ।

ਸੋ ਅਖੀਰ ਹਿੰਦ-ਪਾਕ ਦੀ ਵੰਡ ਸਮੇਂ ਆਪ ਜੀ ਲਾਹੌਰ ਚਲੇ ਗਏ। ਸ਼ਾਇਦ ਸੰਨ 47 ਦਾ ਅਖੀਰ ਸੀ ਯਾ ਸੰਨ 1948 ਦੀ ਸ਼ੁਰੂ ਦਾਸ ਆਪ ਜੀ ਨੂੰ ਪ੍ਰੇਮ ਪਿਆਰ ਵਜੋਂ ਸਰਕਾਰੀ ਆਗਿਆ ਲੈ ਕੇ ਸ਼ਾਇਦ ਮਹੀਨੇ ਦੀ ਵਿਥ ਤੇ ਦੋ ਵਾਰ ਵਾਹਗਾ ਬਾਰਡਰ ਤੇ ਜਾ ਕੇ ਮਿਲਿਆ। ਦੁਖ ਸੁਖ ਪੁੱਛਿਆ ਸੁਣਿਆ ਪਰ ਹਾਲਾਤ ਅਗੇ ਕੋਈ ਪੇਸ਼ ਨਾ ਗਈ। ਫਿਰ ਕਿਸੇ ਆਉਂਦੇ ਜਾਂਦੇ ਦੇ ਰਾਹੀਂ ਕੁਝ ਪਤਾ ਲਗਦਾ ਰਿਹਾ ਕਿ ਆਪ ਜੀ ਲਾਹੌਰ ਵਿਖੇ ਘਰ ਅਕਸਰ ਬੀਮਾਰ ਹੀ ਲੇਟੇ ਰਹਿੰਦੇ ਹਨ। ਸੋ (ਜੋ ਆਇਆ ਸੋ ਚਲਸੀ ਸਭ ਕੋ ਆਈ ਵਾਰੀਐ) ਅਖੀਰ ਸੁਣਿਆ ਗਿਆ ਕਿ ਆਪ ਜੀ ਸੰਨ 1949 ਜੂਨ ਮਹੀਨੇ ਵਿਚ ਵਾਹਿਗੁਰੂ ਨੂੰ ਪਿਆਰੇ ਹੋ ਗਏ ਹਨ। ਦਾਸ ਨੇ ਇਨ੍ਹਾਂ ਦੇ ਘਰ ਵੀ ਤਾਰ ਦਿਤੀ ਅਤੇ ਭਾਈ ਸਾਹਿਬ ਭਾਈ ਲਾਲ ਜੀ ਨੂੰ ਭੀ ਚਿੱਠੀ ਪਾਕੇ Confirm ਕਰਨਾ ਚਾਹਿਆ।ਸੋ ਭਾਈ ਲਾਲ ਜੀ (Classical/supervisor/Lahore/Radio) ਦਾ ਜਵਾਬ ਆਯਾ ਕਿ ਠੀਕ ਭਾਈ ਚਾਂਦ ਜੀ ਜੂਨ 1949 ਦੇ ਤੀਸਰੇ ਹਫਤੇ ਅੱਲਾ ਨੂੰ ਪਿਆਰੇ ਹੋ ਗਏ ਹਨ। ਇੰਜ ਆਪ ਜੀ ਲਗਭਗ 45 ਤੋਂ 47 ਸਾਲ ਦੀ ਆਯੂ ਹੀ ਭੋਗ ਸਕੇ। ਉਨੀਂ ਦਿਨੀ ਦਾਸ ਸੰਤ ਨਿਰਮਲ ਜੀ ਦੀ ਸੰਗਤ ਵਿਚ ਹੀ ਥੋੜ੍ਹਾ ਬਹੁਤ Attach ਸੀ। ਇਧਰ ਪਾਕਿਸਤਾਨ ਬਨਣ ਤੋਂ ਬਾਦ ਸੰਨ 1948 ਵਿੱਚ ਗਲਬਨ ਸਿੰਘ ਸਾਹਿਬ ਗਿਆਨੀ ਭੁਪਿੰਦਰ ਸਿੰਘ ਸ੍ਰੀ ਅੰਮ੍ਰਿਤਸਰ ਆ ਗਏ, ਜੋ ਕਿ ਇਕ ਮਹਾਨ ਸੰਜੀਦਾ ਗੁਰਮਤ ਦੇ ਖੋਜ਼ੀ ਫ਼ਲਾਸਫਰ ਅਤੇ ਮਨੋ ਵਿਗਿਆਨ ਮਾਹਿਰ ਸ਼ਖਸੀਅਤ ਹਨ ਹੁਣ 80 ਸਾਲਾ ਬਜ਼ੁਰਗ ਹੋ ਚੁੱਕੇ ਹਨ। ਆਪਣੀ ਇਲਮੀਅਤ ਦੀ ਕਾਬਲੀਅਤ ਅਤੇ ਇਖਲਾਕੀ ਬਲੰਦੀ ਦੀ Base ਤੇ ਆਪ ਜੀ ਉਨੀ ਦਿਨੀ ਹੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਅੰਦਰ ਹੈਡ ਗ੍ਰੰਥੀ ਦੀ ਪੋਸਟ ਤੇ ਫ਼ਿਟ ਹੋ ਗਏ।ਨਾਲ ਨਾਲ ਆਪ ਜੀ ਗੁਰੂ ਕੇ ਬਾਗ ਅੰਮ੍ਰਿਤਸਰ ਵਿਖੇ ਹਫ਼ਤੇਵਾਰ ਸ਼ਾਮ ਐਤਵਾਰ ਨੂੰ ਗੁਰਮਤਿ ਭੀ ਦੇਂਦੇ। ਦਾਸ ਆਪ ਜੀ ਦੇ ਅਜਿਹੇ (to the point) ਗੁਰਮਤਿ ਸਿਧਾਤਾਂ ਨੂੰ ਉਜਾਗਰ ਕਰਨ ਵਾਲੇ ਲੈਕਚਰਾਂ ਤੋਂ ਬਹੁਤ ਮੁਤਾਸਿਰ ਹੋਇਆ ਸੋ ਦਾਸ ਨੇ ਆਪ ਜੀ ਨਾਲ ਇਲਮ ਦੋਸਤੀ ਦੇ ਨਾਤੇ ਉਦੋਂ ਹੀ ਜਲਦੀ ਸੰਬੰਧ ਕਾਇਮ ਕਰ ਲਏ ਜੋ ਕਿ ਵਾਹਿਗੁਰੂ ਬਖ਼ਸ਼ਿਸ਼ ਨਾਲ ਹੁਣ ਤਕ Family member ਵਾਂਗ-ਬ੍ਰ-ਕਰਾਰ ਹਨ ਸ਼ਾਇਦ ਸੰਨ 1966 ਤੋਂ ਬਾਦ ਆਪ ਜੀ ਦੋ ਵਾਰ MP ਭੀ ਰਹੇ ਪਰ ਇਸ ਤੋਂ ਪਹਿਲੇ ਲਗਭਗ 16 ਸਾਲ ਆਪ ਜੀ ਗੁਰੂ ਕੇ ਬਾਗ ਅੰਮ੍ਰਿਤਸਰ ਵਿਖੇ ਗੁਰਮਤਿ ਲੈਕਚਰ ਹਫਤਾਵਾਰੀ ਦੇਂਦੇ ਰਹੇ। ਸੋ ਇੰਜ ਅਜਿਹੇ ਤਅਲੁਕਾਤ ਦੇ ਅਧੀਨ ਉਪਰੋਕਤ ਗਿਆਨੀ ਭੁਪਿੰਦਰ ਸਿੰਘ ਜੀ ਨੇ ਦਾਸ ਦੀ ਬੇਨਤੀ ਉਪਰ ਜੁਲਾਈ ਸੰਨ 1949 ਦੇ ਪਹਿਲੇ ਹਫਤੇ ਭਾਈ ਚਾਂਦ ਜੀ ਦੇ ਅਕਾਲ ਚਲਾਣਾ ਕਰ ਜਾਣ ਸਬੰਧੀ ਉਸ ਛੋਟੀ ਜਿਹੀ ਸਵਾਮੀ ਨਿਰਮਲ ਜੀ ਦੀ ਸੰਗਤ ਵਿੱਚ ਸ਼ੋਕ-ਮਈ ਅਰਦਾਸ ਕੀਤੀ ਅਤੇ ਬੈਠੀ ਸੰਗਤ ਨੇ ਭਾਈ ਚਾਂਦ ਜੀ ਦੀ ਸ਼ੁਭ ਗਤੀ ਲਈ ਇਕ ਮਿੰਟ ਮੋਨ ਰਖਕੇ ਵਾਹਿਗੁਰੂ ਸਿਮਰਨ ਕੀਤਾ ਅਤੇ ਗਿਆਨੀ ਜੀ ਨੇ ਆਪਣੇ Remarks ਦਿਤੇ ਕਿ ਅਜਿਹੇ ਦਰਜਨਾਂ ਇਕਠੀਆਂ ਖੂਬੀਆਂ ਵਾਲੇ ਨਾਮਵਰ ਕਲਾਕਾਰ ਦੇ ਚਲੇ ਜਾਣ ਨਾਲ ਜੋ ਖਲਾ ਪੈਦਾ ਹੋਇਆ ਹੈ, ਫਿਰ ਜਲਦੀ ਪੂਰਾ ਹੋਣਾ ਬਹੁਤ ਔਖਾ ਹੈ।

ਸਚਾਈ ਤਾਂ ਇਹ ਹੈ ਕਿ ਦਾਸ ਨੂੰ ਸਵ: ਭਾਈ ਚਾਂਦ ਜੀ ਨੇ ਆਪਣੀ ਅਜ਼ੀਮ ਕਲਾਕਾਰੀ ਦੇ ਸਹਾਰੇ ਜੋ ਕਈ ਸਾਲ ਇਕ ਅਲੋਕਿਕ ਪ੍ਰਸੰਨਤਾ ਅਤੇ ਖੁਸ਼ੀ ਪ੍ਰਦਾਨ ਕੀਤੀ ਆਪ ਜੀ ਦੀ ਹੀਨੇ-ਹਯਾਤ ਵਿਚ ਦਾਸ ਉਸ ਦਾ ਕੁਝ ਵਾਜਬ ਮੁੱਲ-ਮੁਆਵਜਾ ਆਪ ਨੂੰ ਅਦਾ ਨਾ ਕਰ ਸਕਿਆ ਅਤੇ ਨਾ ਹੀ ਇਹ ਮੁਆਵਜ਼ਾ ਕਿਸੇ ਮਾਇਕ ਢੰਗ ਨਾਲ ਅਦਾ ਕੀਤਾ ਜਾ ਹੀ ਸਕਦਾ ਹੈ। ਬਹਰ-ਹਾਲ ਆਪ ਜੀ ਨਾਲ ਦਾਸ ਦੇ ਪਿਆਰ ਦੇ ਜਜ਼ਬਾਤ ਕੁਝ ਇੰਜ ਸਨ ਕਿ ਜੀ ਕਰਦਾ ਕਿ ਜਿੱਥੋਂ ਦੀ ਭਾਈ ਸਾਹਿਬ ਭਾਈ ਚਾਂਦ ਲੰਘਣ ਉਨ੍ਹਾਂ ਦੇ ਪੈਰ ਹੇਠਾਂ ਹਥ ਦੀ ਤਲੀ ਰਖ ਦਿੱਤੀ ਜਾਵੇ ਤਾਂਕਿ ਆਪ ਜੀ ਦਾ ਪੈਰ ਜ਼ਮੀਨ ਤੇ ਨਾ ਲਗੇ ਬਲਕਿ ਹਥ ਦੀ ਹਥੇਲੀ ਤੋਂ ਹੋ ਕੇ ਲੰਘਣ। ਵੈਸੇ ਅਸਲ ਪਿਆਰ ਦੀ ਹਦ

ਤਾਂ ਬਕੋਲ ਗੁਰਬਾਣੀ ਕੁਝ ਇੰਜ ਹੈ ਕਿ –

**ਜਿਸ ਪਿਆਰੇ ਸਿਉ ਨੇਹੁ ਤਿਸ ਆਗੈ ਮਰਿ ਚਲੀਐ॥**

**ਧ੍ਰਿਗ ਜੀਵਨ ਸੰਸਾਰ ਤਾਕੈ ਪਾਛੈ ਜੀਵਣਾ (ਮਹਲਾ ੨)**

ਪਰ ਅਸੀਂ ਆਮ ਦੁਨੀਆਦਾਰ ਲੋਕ ਅਮਲੀ ਸੂਰਤ ਵਿਚ ਅਜਿਹਾ ਸਬੂਤ ਦੇਣ ਲਗੇ ਅਕਸਰ ਨਾਕਾਮ ਹੀ ਰਹਿੰਦੇ ਹਾਂ। ਸੋ ਵਾਹਿਗੁਰੂ ਸਾਨੂੰ ਬਲ ਬਖਸ਼ੇ ਕਿ ਅਸੀਂ ਅਜਿਹੇ ਸਚੇ ਸੁਚੇ ਪਿਆਰ ਵੱਧ ਤੋਂ ਵੱਧ ਸੁਚਜੇ ਢੰਗ ਨਾਲ ਨਿਭਾ ਸਕੀਏ। ਤਾਂ ਖੈਰ ਬੀਤੇ ਸਾਲ ਦਾਸ ਨੇ ਭਾਈ ਚਾਂਦ ਜੀ ਮ੍ਰਹੂਮ ਦੀ ਸ਼ੁਭ ਗਤੀ ਲਈ ਆਪਣੇ ਗਰੀਬ ਖਾਨੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਾਧਾਰਨ ਪਾਠ ਰਖਿਆ ਅਤੇ ਦਾਸ ਨੇ ਖੁਦ ਆਪ ਜੀ ਦੇ ਨਿਮਤ ਪਾਠ ਕੀਤਾ। ਇੰਜ ਆਪ ਜੀ ਦੀ 40ਵੀਂ ਬਰਸੀ ਦੇ ਮੌਕੇ ਮਿਤੀ 18 ਜੂਨ ਸੰਨ 1989 ਨੂੰ ਪਾਵਨ ਬਾਣੀ ਦਾ ਭੋਗ ਪਾਇਆ ਗਿਆ। ਜਿਸ ਵਿਚ ਦਾਸ ਦਾ ਪ੍ਰਵਾਰ ਰਿਸ਼ਤੇਦਾਰ ਅਤੇ ਹਮਸਾਇ ਸੱਜਣ ਇਕਤਰ ਹੋਏ ਅਤੇ ਇੰਜ 50-60 ਸੱਜਣਾਂ ਦੀ ਹਾਜ਼ਰੀ ਵਿਚ ਮੁੜ ਪੂਜਯ ਗਿਆਨੀ ਭੁਪਿੰਦਰ ਸਿੰਘ ਜੀ ਨੇ ਅਰਦਾਸ ਕੀਤੀ ਕੁਝ ਸਮਾਂ ਸ਼ਬਦ ਕੀਰਤਨ ਹੋਇਆ ਅਤੇ ਕੁਝ ਸਮਾਂ ਗਿਆਨੀ ਜੀ ਨੇ ਪਹਿਲੇ :

**"ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿਤ ਮਿਟਾਈ॥"** (ਸੋਰਠ ੫ ਪੰਨਾ ੬੨੮)

ਉਪਰ ਰਸ ਭਰਪੂਰ ਵਿਆਖਿਆ ਕੀਤੀ। ਪਿਛਲੇ ਲੇਖ ਵਿਚ ਦਾਸ ਅਰਜ ਕਰ ਹੀ ਚੁਕਾ ਹੋ ਕਿ ਦਾਸ ਸੰਨ 1954-55 ਵਿਚ ਲਾਹੌਰ ਗਿਆ ਅਤੇ ਇਕ ਰਾਤ ਸਵ: ਭਾਈ ਚਾਂਦ ਜੀ ਦੇ ਘਰ ਰਿਹਾ। ਸੌ ਇੰਜ ਸੰਨ 1956-57 ਵਿਚ ਭਾਈ ਚਾਂਦ ਜੀ ਦੀ ਅਹਿਲੀਆ (ਪਤਨੀ) ਭੀ ਕਿਸੇ ਰਿਸ਼ਤੇਦਾਰ ਸਾਥ ਨਾਲ ਅੰਮ੍ਰਿਤਸਰ ਆਈ ਅਤੇ ਦਾਸ ਦੇ ਗ੍ਰਿਹ ਵਿਖੇ ਤਿੰਨ ਕੁ ਦਿਨ ਰਹੀ। ਹੁਣ ਕੁਝ ਸਾਲਾਂ ਤੋਂ ਸੰਨ 72 ਵਿਚ ਸਵਰਗਵਾਸ ਹੋ ਚੁੱਕੀ ਹੈ। ਭਾਈ ਚਾਂਦ ਜੀ ਦੀ ਲੜਕੀ ਅਤੇ ਵੱਡਾ ਲੜਕਾ ਭਾਈ ਮੁਰਾਦ ਭੀ ਅੱਲਾ ਨੂੰ ਪਿਆਰੇ ਹੋ ਚੁੱਕੇ ਹਨ। ਭਾਈ ਮੁਰਾਦ ਸੰਨ 85 ਵਿਚ ਫੋਤ ਹੋ ਗਏ ਸਨ।

ਭਾਈ ਮੁਰਾਦ ਦੀਆਂ ਕੁਝ ਚਿੱਠੀਆਂ ਦਾਸਾਂ ਪਾਸ ਹੁਣ ਭੀ ਮੌਜੂਦ ਹੈਗੀਆਂ ਹਨ। ਇਸ ਵਕਤ ਲਾਹੌਰ ਵਿਖੇ ਭਾਈ ਚਾਂਦ ਜੀ ਦਾ ਛੋਟਾ ਲੜਕਾ ਭਾਈ ਗੁਲਜ਼ਾਰ ਚਾਂਦ ਹੈ ਜੋ ਕਿ ਅੱਛਾ ਖਾਸਾ ਉਰਦੂ ਪੜ੍ਹਿਆ ਲਿਖਿਆ ਹੈ। ਇਸਦੀ ਆਖਰੀ ਚਿੱਠੀ ਭੀ ਸੰਨ 1986 ਦੀ ਦਾਸ ਪਾਸ ਮੌਜੂਦ ਹੈ। ਇਹ ਸੱਜਣ ਲਾਹੌਰ ਵਿਖੇ ਇਕ ਟਰਾਂਸਪੋਰਟ ਕੰਪਨੀ ਵਿਚ ਟਾਈਮ ਮੈਨੇਜਰ ਹੈ ਅਤੇ ਗੁਰੂ ਕ੍ਰਿਪਾ ਨਾਲ ਭਾਈ ਸਾਹਿਬ ਚਾਂਦ ਜੀ ਦੇ ਪੋਤੇ ਪੋਤੀਆਂ ਹਨ ਹੋਰ ਬਾਗ ਪ੍ਰਵਾਰ ਹੈ। ਸਭ ਲਾਹੌਰ ਵਿਚ ਹੀ ਹਨ। ਵਾਹਿਗੁਰੂ ਇਸ ਨਵੀਂ ਪੀੜੀ ਦੇ ਬਚਿਆਂ ਦੀ ਉਮਰ ਦਰਾਜ਼ ਕਰੇ ਅਤੇ ਇੰਜ ਦੁਨਿਆਵੀ ਤੌਰ ਤੇ ਭੀ ਭਾਈ ਚਾਂਦ ਜੀ ਦਾ ਨਾਮ ਰੋਸ਼ਨ ਰਵ੍ਹੇ, ਆਮੀਨ।

ਸਵ: ਭਾਈ ਚਾਂਦ ਜੀ ਦੀਆਂ 70/75 ਗਾਈਆਂ ਤ੍ਰਜਾਂ ਦੇ ਬੋਲ ਅਤੇ ਉਨ੍ਹਾਂ ਦੀ ਗਾਇਕੀ ਦਾ ਢੰਗ ਥੋੜਾ ਬਹੁਤ ਸੁਰਾ-ਬੇਸੁਰਾ ਅਜ ਭੀ ਦਾਸ ਨੂੰ ਯਾਦ ਹੈ।

ਕਿਸੇ ਹੋਈ ਗਲਤੀ ਵਜੋਂ ਪਾਠਕਾਂ ਅਤੇ ਪ੍ਰਬੰਧਕਾਂ ਪਾਸੋਂ ਦਾਸ ਖਿਮਾ ਦਾ ਜਾਚਿਕ ਹੈ। ਆਪ ਸਭਨਾਂ ਦਾ ਧੰਨਵਾਦ। ਬਾਕੀ ਫੇਰ-ਰੱਬ ਰਾਖਾ। (ਅੰਮ੍ਰਿਤ ਕੀਰਤਨ ਅਕਤੂਬਰ 1990)

**ਛਪ ਰਹੀ ਪੁਸਤਕ 'ਰਬਾਬੀ ਕੀਰਤਨਕਾਰਾਂ ਦੀ ਦਾਸਤਾਨ'**

# ਆਦਰਸ਼ ਕੀਰਤਨੀਏ ਦੇ ਗੁਣ

ਡਾ. ਜਾਗੀਰ ਸਿੰਘ

ਕੀਰਤਨੀਆਂ ਇੱਕ ਵਿਸ਼ੇਸ਼ ਪ੍ਰਕਾਰ ਦਾ ਗਾਇਕ ਹੈ, ਇਸ ਲਈ ਉਸ ਵਿੱਚ ਗਾਇਕ ਦੇ ਗੁਣਾਂ ਦੇ ਨਾਲ ਨਾਲ ਕੁਝ ਹੋਰ ਗੁਣਾਂ ਦੀ ਵੀ ਲੋੜ ਹੁੰਦੀ ਹੈ। ਕੀਰਤਨੀਏ ਵਿੱਚ ਗਾਇਨ ਦੇ ਗੁਣ ਵੀ ਕੁਝ ਵਧੇਰੇ ਡੂੰਘੇ ਅਰਥਾਂ ਵਾਲੇ ਹੁੰਦੇ ਹਨ। ਆਦਰਸ਼ ਕੀਰਤਨੀਏ ਦੇ ਗੁਣਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:-

(ੳ) ਸੰਗੀਤ ਕਲਾ ਨਾਲ ਸੰਬੰਧਤ ਗੁਣ।

(ਅ) ਗੁਰਬਾਣੀ ਕੀਰਤਨ ਨਾਲ ਸੰਬੰਧਤ ਗੁਣ।

(ੲ) ਗੁਰਮਤਿ ਨਾਲ ਸੰਬੰਧਤ ਗੁਣ

**(ੳ) ਸੰਗੀਤ ਕਲਾ ਨਾਲ ਸੰਬੰਧਤ ਗੁਣ :** ਇਹਨਾਂ ਗੁਣਾਂ ਵਿੱਚ ਭਾਵੇਂ ਹਿੰਦੁਸਤਾਨੀ ਸੰਗੀਤ-ਸ਼ਾਸਤਰ ਦੇ ਗਾਇਕ ਦੇ ਗੁਣ ਵੀ ਸ਼ਾਮਲ ਹਨ, ਪਰ ਫਿਰ ਵੀ ਕੀਰਤਨੀਏ ਲਈ ਇਹਨਾਂ ਦੇ ਵਧੇਰੇ ਡੂੰਘੇ ਅਰਥ ਹਨ। ਇਹਨਾਂ ਗੁਣਾਂ ਵਿੱਚ ਪਹਿਲਾ ਗੁਣ ਹੈ ਕਿ ਆਦਰਸ਼ ਕੀਰਤਨੀਏ ਦੀ ਆਵਾਜ਼ ਸੁਰੀਲੀ ਹੁੰਦੀ ਹੈ।

1. ਸੁਰੀਲੀ ਆਵਾਜ਼ ਦਾ ਜੀਵਨ ਵਿੱਚ ਬੜਾ ਮਹੱਤਵ ਹੈ। ਗੁਰਬਾਣੀ ਵਿੱਚ ਜਿੱਥੇ ਕਿਤੇ ਆਦਰਸ਼ਕ ਸ਼ਖਸੀ ਗੁਣਾਂ ਦੀ ਗੱਲ ਕੀਤੀ ਜਾਂਦੀ ਹੈ ਤਾਂ ਉਹਨਾਂ ਵਿੱਚ ਸੁਰੀਲੀ, ਮਿੱਠੀ ਜਾਂ ਮਧੁਰ ਆਵਾਜ਼ ਦਾ ਵੀ ਜ਼ਿਕਰ ਕੀਤਾ ਗਿਆ ਹੈ:-

**ਤੇਰਾ ਮੁਖ ਸੁਹਾਵਾ ਜੀਉ ਸਹਜਿ ਧੁਨਿ ਬਾਣੀ॥**
**ਖੂਬ ਤੇਰੀ ਪਗਰੀ ਮੀਠੇ ਤੇਰੇ ਬੋਲ। ॥**
**ਕਵਲ ਨੈਨ ਮਧੁਰ ਬੈਨ॥**
**ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ**
**ਮਿਠ-ਬੋਲੜਾ ਜੀ ਹਰਿ ਸਜਣ ਸੁਆਮੀ ਮੋਰਾ॥**

ਮਿੱਠੀ ਤੇ ਸੁਰੀਲੀ ਆਵਾਜ਼ ਵਾਲੇ ਕੀਰਤਨੀਏ ਨੂੰ ਭਾਵੇਂ, ਰਾਗਾਂ ਤਾਲਾਂ ਅਤੇ ਗੁਰਬਾਣੀ ਦੀ ਘੱਟ ਜਾਣਕਾਰੀ ਹੋਵੇ, ਪਰ ਉਸ ਦੇ ਕੀਰਤਨ ਦਾ ਸੁਰ ਠੀਕ ਹੋਵੇ ਤਾਂ ਕੀਰਤਨ ਦਾ ਵਧੇਰੇ ਪ੍ਰਭਾਵ ਪੈਂਦਾ ਹੈ। ਜੇ ਕੋਈ ਕੀਰਤਨੀਆਂ ਰਾਗ, ਤਾਲ ਅਤੇ ਬਾਣੀ ਪਖੋਂ ਵੱਡਾ ਵਿਦਵਾਨ ਹੈ ਤੇ ਉਸ ਦਾ ਸੁਰ ਠੀਕ ਨਹੀਂ ਉਸ ਦਾ ਕੀਰਤਨ ਪ੍ਰਭਾਵਹੀਣ ਹੁੰਦਾ ਹੈ। ਇਸ ਲਈ ਕੀਰਤਨੀਏ ਨੂੰ ਆਪਣੀ ਆਵਾਜ਼ ਦੀ ਸਾਂਭ-ਸੰਭਾਲ ਅਤੇ ਰਿਆਜ਼ ਰਾਹੀਂ ਸੁਰੀਲੇ ਬਣਾਉਣ ਦੇ ਯਤਨ ਕਰਨੇ ਚਾਹੀਦੇ ਹਨ।

ਸੁਰ ਦੀ ਕਿਸਮ ਹਰ ਕੀਰਤਨੀਏ ਦੀ ਆਪਣੀ-ਆਪਣੀ ਹੁੰਦੀ ਹੈ, ਪਰ ਉਸ ਵਿੱਚ ਰਿਆਜ਼ ਨਾਲ ਖ਼ਾਸ ਗੁਣ ਪੈਦਾ ਕੀਤਾ ਜਾ ਸਕਦਾ ਹੈ। ਉਸ ਦੀ ਆਵਾਜ਼ ਹਿਰਦੇ ਵਿੱਚੋਂ ਨਿਕਲਦੀ ਹੋਵੇ, ਉਸ ਵਿੱਚ ਖ਼ਾਸ ਤਰ੍ਹਾਂ ਦੀ ਗੂੰਜ ਹੋਵੇ, ਆਵਾਜ਼ ਫਿੱਕੀ ਨਾ ਹੋਵੇ, ਆਵਾਜ਼ ਨੱਕ ਵਿਚੋਂ ਨਿਕਲਦੀ ਨਾ ਜਾਪੇ। ਉਸ ਦੀ ਆਵਾਜ਼ ਤਿੰਨਾਂ ਸਪਤਕਾਂ ਵਿੱਚ ਆਸਾਨੀ ਨਾਲ ਲੱਗਦੀ ਹੋਵੇ। ਇਸ ਪ੍ਰਕਾਰ ਆਦਰਸ਼ ਕੀਰਤਨੀਏ ਨੂੰ ਕੋਮਲ, ਸ਼ੁੱਧ, ਤੀਬਰ ਆਦਿ ਸੁਰਾਂ ਦਾ ਵੀ ਗਿਆਨ ਹੁੰਦਾ ਹੈ । ਸੁਰ ਨੂੰ ਸ਼ੁਰੂ ਕਰਨ ਅਤੇ ਖਤਮ ਕਰਨ ਦੀ ਜਾਚ ਵੀ ਆਉਂਦੀ ਹੋਵੇ।

2. ਆਦਰਸ਼ ਕੀਰਤਨੀਏ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਰਾਗਾਂ ਤੋਂ ਇਲਾਵਾ ਹੋਰ ਰਾਗਾਂ ਦੀ ਜਾਣਕਾਰੀ ਵੀ ਹੁੰਦੀ ਹੈ। ਉਸ ਨੂੰ ਰਾਗਾਂ ਦੀਆਂ ਕਿਸਮਾਂ ਦੀ ਵੀ ਕਾਫੀ ਵਾਕਫ਼ੀਅਤ ਹੁੰਦੀ ਹੈ। ਉਹ ਅਧਿਐਨ ਕਰਕੇ ਰਾਗਾਂ ਦੇ ਸਰੂਪ, ਰਾਗਾਂ ਦੇ ਸਮੇਂ ਅਤੇ ਰਾਗਾਂ ਦੇ ਰਸ ਬਾਰੇ ਵੀ ਗਿਆਨ ਰੱਖਦਾ ਹੈ। ਇਸ ਨਾਲ ਉਸ ਦੀਆਂ ਰੀਤਾਂ ਵਿੱਚ ਵੰਨਸੁਵੰਨਤਾ, ਗੰਭੀਰਤਾ ਅਤੇ ਮੌਲਿਕਤਾ ਦਾ ਗੁਣ ਆਉਂਦਾ ਹੈ।

3. ਆਦਰਸ਼ ਕੀਰਤਨੀਏ ਦਾ ਲੈਅ ਉੱਤੇ ਵੀ ਕਾਬੂ ਹੁੰਦਾ ਹੈ। ਵਿਸ਼ੇਸ਼ ਅਭਿਆਸ ਨਾਲ ਉਹ ਪ੍ਰਚੱਲਿਤ ਤਾਲਾਂ ਤੋਂ ਇਲਾਵਾ ਅਪ੍ਰਚੱਲਿਤ ਤਾਲਾਂ ਅਤੇ ਪੜਤਾਲਾਂ ਦਾ ਗਿਆਨ ਵੀ ਰੱਖਦਾ ਹੈ, ਜਿਸ ਨਾਲ ਉਸ ਦੇ ਕੀਰਤਨ ਵਿੱਚ ਗੰਭੀਰਤਾ ਅਤੇ ਵੰਨਸੁਵੰਨਤਾ ਆਉਂਦੀ ਹੈ।

4. ਆਦਰਸ਼ ਕੀਰਤਨੀਆਂ ਅਲੰਕਾਰਾਂ ਅਤੇ ਤਾਨਾਂ ਦਾ ਵੀ ਅਭਿਆਸ ਕਰਦਾ ਰਹਿੰਦਾ ਹੈ। ਤਾਨਾਂ ਅਤੇ ਅਲੰਕਾਰ ਕੀਰਤਨ ਵਿੱਚ ਵਿਖਾਵੇ ਲਈ ਹੀ ਨਹੀਂ ਹੁੰਦੇ, ਸਗੋਂ ਵਿਸ਼ੇਸ਼ ਸ਼ਬਦਾਂ ਦੇ ਗਾਇਨ ਸਮੇਂ ਭਾਵ ਅਨੁਸਾਰ ਤੁਕਾਂ ਦੇ

ਉਚਾਰਨ ਵਿੱਚ ਆਪਣੇ-ਆਪ ਇਹਨਾਂ ਤਾਨਾਂ ਅਤੇ ਅਲੰਕਾਰਾਂ ਤੇ ਆਧਾਰਿਤ ਸੁਰ-ਸੰਗਤੀਆਂ ਜੁੜੀਆਂ ਜਾਂਦੀਆਂ ਹਨ। ਜੇ ਅਭਿਆਸ ਨਾਲ ਇਹ ਸਾਰਾ ਕੁਝ ਸਾਧਿਆ ਹੋਵੇ ਤਾਂ ਤਾਨਾਂ ਨੂੰ ਵੱਖਰੇ ਰੂਪ ਵਿੱਚ ਜੋੜਨ ਦੀ ਲੋੜ ਨਹੀਂ ਰਹਿੰਦੀ।

**ਗੁਰਬਾਣੀ ਕੀਰਤਨ ਨਾਲ ਸੰਬੰਧਤ ਗੁਣ:** ਗੁਰਬਾਣੀ ਦਾ ਆਦਰਸ਼ ਕੀਰਤਨੀਆਂ ਸੰਗੀਤ ਨਾਲ ਸੰਬੰਧਤ ਗੁਣਾਂ ਦਾ ਅਭਿਆਸ ਸ਼ਰਧਾ ਨਾਲ ਕਰਦਾ ਹੈ। ਉਸ ਦੇ ਮਨ ਵਿੱਚ ਇਹ ਭਾਵਨਾ ਹੁੰਦੀ ਹੈ ਕਿ ਉਹ ਆਪਣੇ ਪਿਆਰੇ ਪ੍ਰਮਾਤਮਾ ਨੂੰ ਚੰਗਾ ਕੀਰਤਨ ਸੁਣਾਵੇ, ਇਸ ਲਈ ਇਸ ਕੀਰਤਨ ਵਿੱਚ ਸ਼ਰਧਾ ਅਤੇ ਪ੍ਰੇਮ ਨਾਲ ਅਭਿਆਸ ਕਰਨ ਦੀ ਲੋੜ ਹੁੰਦੀ ਹੈ। ਭਾਵ ਇਸ ਸਾਰੇ ਕੁਝ ਨੂੰ ਵੀ ਸੇਵਾ ਸਮਝ ਕੇ ਕਰਨਾ ਹੁੰਦਾ ਹੈ ਫਿਰ ਵੀ ਹੇਠ ਲਿਖੇ ਗੁਣਾਂ ਦਾ ਵਿਸ਼ੇਸ਼ ਮਹੱਤਵ ਹੈ:

1. ਉਸ ਨੂੰ ਗੁਰਬਾਣੀ, ਕੀਰਤਨ ਦੀ ਸ਼ੈਲੀ ਦਾ ਪੂਰਾ ਗਿਆਨ ਹੁੰਦਾ ਹੈ। ਕਿਉਂਕਿ ਗੁਰਬਾਣੀ ਕੀਰਤਨ ਦੀ ਸ਼ੈਲੀ ਨਾ ਨਿਰੋਲਖਿਆਲ ਸ਼ੈਲੀ ਹੈ, ਨਾ ਧਰੁਪਦ ਸ਼ੈਲੀ, ਨਾ ਭਜਨ ਸ਼ੈਲੀ ਅਤੇ ਨਾ ਹੀ ਨਿਰੋਲ ਲੋਕ-ਗਾਇਕੀ ਦੀ ਸ਼ੈਲੀ ਹੈ, ਸਗੋਂ ਇਹ ਇਹਨਾਂ ਸਾਰਿਆਂ ਦਾ ਸੁਮੇਲ ਹੈ। ਇਸ ਦੀ ਬੰਦਸ਼ ਭਾਰਤੀ ਰਾਗਾਂ ਦੇ ਨਾਲ-ਨਾਲ ਗੁਰਬਾਣੀ ਵਿੱਚ ਦਰਜ ਮਿਸ਼ਰਤ ਰਾਗ, ਲੈਅ ਅਤੇ ਪੇਸ਼ਕਾਰੀਭਜਨ ਸ਼ੈਲੀ ਵਾਲੀ ਅਤੇ ਤਾਲ ਕਿਤੇ-ਕਿਤੇ ਕਾਵਿਰੂਪ ਅਨੁਸਾਰ ਲੋਕ ਸ਼ੈਲੀ ਵਾਲੇ ਹਨ। ਆਦਰਸ਼ ਕੀਰਤਨੀਏ ਨੂੰ ਇਹਨਾਂ ਸਾਰੀਆਂ ਸ਼ੈਲੀਆਂ ਦਾ ਗਿਆਨ ਹੁੰਦਾ ਹੈ। ਇਹਨਾਂ ਵਿੱਚੋਂ ਉਹ ਕੀਰਤਨ ਸ਼ੈਲੀ ਨੂੰ ਨਿਖੇੜ ਸਕਦਾ ਹੈ। ਇਸ ਲਈ ਉਹ ਪੁਰਾਤਨ ਕੀਰਤਨੀਆਂ ਦੀ ਕੀਰਤਨ ਸ਼ੈਲੀ ਨੂੰ ਪੜ੍ਹਦਾ ਅਤੇ ਸੁਣਦਾ ਰਹਿੰਦਾ।

2. ਆਦਰਸ਼ ਕੀਰਤਨੀਆਂ ਨਿਰਧਾਰਿਤ ਰਾਗਾਂ ਅਨੁਸਾਰ ਕੀਰਤਨ ਕਰੇ। ਅਰਥਾਤ ਜੇ ਕਿਸੇ ਸ਼ਬਦ ਉੱਪਰ ਰਾਗ ਦਾ ਨਾਮ ਲਿਖਿਆ ਹੈ ਅਤੇ ਉਹ ਰਾਗ ਸਮੇਂ ਦੇ ਵੀ ਅਨੁਕੂਲ ਹੈ ਤਾਂ ਉਹ ਉਸ ਰਾਗ ਅਨੁਸਾਰ ਕੀਰਤਨ ਕਰਦਾ ਹੈ। ਪਰ ਜੇ ਉਸ ਨੇ ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੇ ਰਾਗ ਵਿੱਚ ਕੀਰਤਨ ਕਰਨਾ ਹੈ ਤਾਂ ਉਹ ਉਹਨਾਂ ਸ਼ਬਦਾਂ ਦੀ ਚੋਣ ਕਰਦਾ ਹੈ, ਜਿਹਨਾਂ ਉੱਪਰ ਰਾਗ ਦਾ ਸੰਕੇਤ ਨਹੀਂ ਦਿੱਤਾ ਹੋਇਆ।

3. ਆਦਰਸ਼ ਕੀਰਤਨੀਆਂ ਵਿਸ਼ੇਸ਼ ਰੁੱਤਾਂ ਅਨੁਸਾਰ ਵੀ ਰਾਗਾਂ ਦਾ ਧਿਆਨ ਰੱਖ ਕੇ ਕੀਰਤਨ ਕਰਦਾ ਹੈ। ਜਿਵੇਂ ਬਸੰਤ ਰੁੱਤ ਵਿੱਚ, ਉਹ ਬਸੰਤ ਰਾਗ ਦਾ ਸ਼ਬਦ ਗਾਇਨ ਕਰਦਾ ਹੈ ਅਤੇ ਲੋੜ ਅਨੁਸਾਰ ਬਸੰਤ ਕੀ ਵਾਰ ਵਿੱਚੋਂ ਪਉੜੀ ਦਾ ਗਾਇਨ ਵੀ ਕਰਦਾ ਹੈ। ਇਸੇ ਤਰ੍ਹਾਂ ਵਰਖਾ ਰੁੱਤ ਵਿੱਚ ਉਹ ਮਲਾਰ, ਸਾਰੰਗ ਆਦਿ ਰਾਗਾਂ ਵਿੱਚ ਕੀਰਤਨ ਕਰਦਾ ਹੈ।

4. ਆਦਰਸ਼ ਕੀਰਤਨੀਆਂ ਸ਼ਬਦ ਦੀ ਰੀਤ ਗਾਇਨ ਕਰਨ ਸਮੇਂ ਜੇ ਕਿਸੇ ਸ਼ਬਦ ਵਿੱਚ 'ਰਹਾਉ' ਦੀ ਤੁਕ ਦਿੱਤੀ ਹੈ ਤਾਂ ਉਸ ਨੂੰ ਸਥਾਈ ਬਣਾਉਂਦਾ ਹੈ। ਉਹ ਅੰਤਰੇ ਵੀ ਜਿਵੇਂ ਕਿਸੇ ਸ਼ਬਦ ਵਿੱਚ ਦਿੱਤੇ ਹਨ ਉਸੇ ਤਰ੍ਹਾਂ ਹੀ ਗਾਇਨ ਕਰਦਾ ਹੈ। ਜਿਵੇਂ ਹੇਠ ਦਿੱਤੇ ਸ਼ਬਦ ਵਿੱਚ ਰਹਾਉ ਦੀ ਤੁਕ ਸਥਾਈ ਹੈ:-

**ਮੇਰੇ ਸਾਹਿਬਾ ਕਉਣ ਜਾਣੇ ਗੁਣ ਤੇਰੇ॥**
**ਕਹੇ ਨਾ ਜਾਨੀ ਅਉਗਣ ਮੇਰੇ॥**

ਇਸ ਸ਼ਬਦਾਂ ਵਿੱਚ ਦੋ ਤੁਕਾਂ ਦਾ ਅੰਤਰਾ ਹੈ:-

**ਕਤਿ ਕੀ ਮਾਈ ਬਾਪ ਕਤਿ ਕੇਰਾ, ਕਿਦੂ ਥਾਵਹੁ ਹਮ ਆਏ॥**
**ਅਗਨ ਬਿੰਬ ਜਲ ਭੀਤਰਿ ਨਿਪਜੈ ਕਾਹੇ ਕੰਮ ਉਪਾਏ॥**

ਇਥੇ ਅੰਤਰੇ ਦੀਆਂ ਤੁਕਾਂ ਗਾਇਨ ਕਰਨ ਤੋਂ ਬਾਦ ਸਥਾਈ ਗਾਉਣੀ।ਹੇਠ ਲਿਖੇ ਸ਼ਬਦਾ ਵਿੱਚ ਤਿੰਨ ਤੁਕਾਂ ਦਾ ਅੰਤਰਾ ਹੈ:

**ਸਭੇ ਥੋਕ ਪਰਾਪਤੇ ਜੇ ਆਵੈ ਇਕ ਹਥਿ॥ ਜਨਮ ਪਦਾਰਥ ਸਫਲ ਹੈ ਜੇ ਸਚਾ ਸਬਦ ਕਥਿ॥**
**ਗੁਰ ਤੇ ਮਹਲ ਪਰਾਪਤੇ ਜਿਸੁ ਲਿਖਿਆ ਹੋਵੈ ਮਥਿ॥**

ਇੱਥੇ ਇਹ ਤਿੰਨ ਤੁਕਾਂ ਦਾ ਅੰਤਰਾ ਗਾਇਨ ਕਰਕੇ, ਫਿਰ ਇਹ ਸਥਾਈ ਗਾਉਣੀ ਹੈ:-

**ਮੇਰੇ ਮਨ ਏਕਸ ਸਿਉ ਚਿਤਿ ਲਾਏ॥**
**ਏਕਸ ਬਿਨੁ ਸਭ ਧੰਧਿ ਹੈ ਸਭ ਮਿਥਿਆ ਮੋਹ ਮਾਇ॥**

ਹੇਠ ਲਿਖੇ ਸ਼ਬਦ ਵਿੱਚ ਚਾਰ ਚਾਰ ਤੁਕਾਂ ਦੇ ਅੰਤਰੇ ਹਨ:-

**ਜਾ ਕਉ ਮੁਸਕਲ ਅਤਿ ਬਣੈ ਢੋਈ ਕੋਇ ਨ ਦੇਇ॥**
**ਲਾਗੂ ਹੋਇ ਦੁਸਮਨਾ ਸਾਕ ਭਿ ਭਜਿ ਖਲੇ ॥**
**ਸਭੋ ਭਜੈ ਆਸਰਾ ਚੁਕੈ ਸਭ ਅਸਰਾਉ॥**
**ਚਿਤੁ ਆਵੈ ਓਸ ਪਾਰਬ੍ਰਹਮ ਲਗੈ ਨ ਤਤੀ ਵਾਉ॥**

ਇਹਨਾਂ ਚਾਰ ਤੁਕਾਂ ਦਾ ਅੰਤਰੇ ਵਜੋਂ ਗਾਇਨ ਕਰਨ ਤੋਂ ਬਾਅਦ, ਇਹ ਸਥਾਈ ਗਾਇਨ ਕਰਨੀ ਹੈ:-

**ਸਾਹਿਬ ਨਿਤਾਣਿਆ ਕਾ ਤਾਣੁ॥**
**ਆਇ ਨ ਜਾਈ ਥਿਰੁ ਸਦਾ ਗੁਰ ਸਬਦੀ ਸਚਿ ਜਾਣੁ॥**

ਇਸ ਤਰ੍ਹਾਂ ਲਗਭਗ ਹਰ ਸ਼ਬਦ ਵਿੱਚ ਸਥਾਈ ਤੇ ਅੰਤਰੇ ਸਪੱਸ਼ਟ ਦਿੱਤੇ ਹਨ। ਇਹ ਸਾਰਾ ਕੁਝ ਭਾਵ ਅਨੁਸਾਰ ਹੈ। ਆਦਰਸ਼ ਕੀਰਤਨੀਆਂ ਇਹਨਾਂ ਨੂੰ ਸਹੀ ਢੰਗ ਨਾਲ ਗਾ ਕੇ ਠੀਕ ਪ੍ਰਭਾਵ ਪੈਦਾ ਕਰਦਾ ਹੈ।

5. ਆਦਰਸ਼ ਕੀਰਤਨੀਆਂ ਗੁਰਬਾਣੀ ਦਾ ਉਚਾਰਨ ਸ਼ੁੱਧ ਕਰਦਾ ਹੈ। ਭਾਵੇਂ ਗੁਰਬਾਣੀ ਦੀਆਂ ਲਗਾਮਾਤਰਾਂ ਪੁਰਾਤਨ ਢੰਗ ਨਾਲ ਲੱਗੀਆਂ ਹੋਈਆਂ ਹਨ, ਪਰ ਫਿਰ ਵੀ ਇਸ ਦੀ ਖਾਸ ਉਚਾਰਨ ਵਿਧੀ ਪ੍ਰਚੱਲਤ ਅਤੇ ਪ੍ਰਵਾਣਿਤ ਹੈ। ਗੁਰਬਾਣੀ ਦੇ ਉਚਾਰਨ ਵਿੱਚ ਮੁਖ ਦੋਸ਼ ਪੰਜਾਬ ਦੇ ਉਪ੍ਰਭਾਸ਼ਾਈ ਇਲਾਕਿਆਂ ਦੇ ਪ੍ਰਭਾਵ ਕਰਕੇ ਹੁੰਦਾ ਹੈ, ਜਿਵੇਂ ਜੇ ਕੀਰਤਨੀਆਂ 'ਬਿਰਖ ਨੂੰ ਵਿਰਖ' ਬੋਲਦਾ ਹੈ, 'ਵਾਹਿਗੁਰੂ' ਨੂੰ ਬੈਹਗੁਰੂ ਜਾਂ ਬਾਹਿਗੁਰੂ ਬੋਲਦਾ ਹੈ ਅਤੇ 'ਜੀਵਾਂ' ਨੂੰ ਜੀਮਾਂ ਬੋਲਦਾ ਹੈ ਤਾਂ ਇਹ ਉਚਾਰਨ ਦੋਸ਼ ਹਨ। ਅਭਿਆਸ ਨਾਲ ਹੀ ਇਹਨਾਂ ਦੋਸ਼ਾਂ ਨੂੰ ਦੂਰ ਕੀਤਾ ਜਾ ਸਕਦਾ ਹੈ।

6. ਗੁਰਬਾਣੀ ਦੀਆਂ ਤੁਕਾਂ ਉਚਾਰਨ ਸਮੇਂ ਆਦਰਸ਼ ਕੀਰਤਨੀਆਂ ਠੀਕ ਥਾਂ ਵਿਸਰਾਮ ਦਿੰਦਾ ਹੈ, ਕਿਉਂਕਿ ਵਿਸਰਾਮ ਅਰਥਾਂ ਤੇ ਪ੍ਰਭਾਵ ਪਾਉਂਦਾ ਹੈ। ਇਸ ਲਈ ਆਦਰਸ਼ ਕੀਰਤਨੀਆਂ ਗੁਰਬਾਣੀ ਦੇ ਅਰਥਾਂ ਦਾ ਅਧਿਐਨ ਕਰਦਾ ਰਹਿੰਦਾ ਹੈ। ਗੁਰਬਾਣੀ ਦੇ ਅਰਥ ਭਾਵ ਨੂੰ ਸਮਝ ਕੇ ਕੀਰਤਨ ਕਰਨ ਨਾਲ ਹੀ ਕੀਰਤਨ ਵਿੱਚ ਖਾਸ ਪ੍ਰਭਾਵ ਤੇ ਗਹਿਰਾਈ ਪੈਦਾ ਹੁੰਦੀ ਹੈ।

7. ਆਦਰਸ਼ ਕੀਰਤਨੀਆਂ ਸ਼ਬਦ ਦੇ ਭਾਵ ਅਨੁਸਾਰ ਸ਼ਬਦ ਦੀ ਰੀਤ ਜਾਂ ਟਿਊਨ ਬਣਾਉਂਦਾ ਹੈ। ਉਹ ਕਿਸੇ ਫ਼ਿਲਮੀ ਟਿਊਨ ਨੂੰ ਆਧਾਰ ਬਣਾ ਕੇ ਸ਼ਬਦ ਗਾਇਨ ਨਹੀਂ ਕਰਦਾ।

8. ਉਸ ਨੂੰ ਸ਼ਬਦ ਦੇ ਕਾਵਿ-ਰੂਪ ਦਾ ਵੀ ਗਿਆਨ ਹੁੰਦਾ ਹੈ।ਉਹ ਸ਼ਬਦ ਰੀਤ ਦਾ ਰੂਪ ਕਾਵਿ-ਰੂਪ ਦੇ ਅਨੁਕੂਲ ਬਣਾਉਂਦਾ ਹੈ ਅਤੇ ਗੁਰਬਾਣੀ ਵਿੱਚ ਪ੍ਰਯੁਕਤ ਕਾਵਿ-ਰੂਪ, ਪਦੇ, ਵਾਰਾਂ, ਛੰਤ, ਘੋੜੀਆਂ, ਅਲਾਹੁਣੀਆਂ ਆਦਿ ਦੀਆਂ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਦਾ ਹੈ।

9. ਗੁਰਬਾਣੀ ਦੀ ਕਿਸੇ ਵਿਸ਼ੇਸ਼ ਤੁਕ ਦੇ ਅਰਥ ਸਪੱਸ਼ਟ ਜਾਂ ਦ੍ਰਿੜ ਕਰਨ ਲਈ ਉਸ ਨੂੰ ਪ੍ਰਮਾਣ ਦੇਣ ਦਾ ਢੰਗ ਵੀ ਆਉਂਦਾ ਹੈ । ਉਹ ਪ੍ਰਮਾਣ ਕੇਵਲ ਵਿਖਾਵਾ ਕਰਨ ਲਈ ਹੀ ਨਹੀਂ ਦਿੰਦਾ।

10. ਵਿਆਖਿਆ ਉਹ ਕੋਈ ਖਾਸ ਗੱਲ ਸਪੱਸ਼ਟ ਕਰਨ ਲਈ ਹੀ ਕਰਦਾ ਹੈ। ਆਪਣੇ ਗਿਆਨ ਦੇ ਵਿਖਾਵੇ, ਆਪਣੀ ਜਾਂ ਵਿਸ਼ੇਸ਼ ਸਰੋਤੇ ਦੀ ਪ੍ਰਸੰਸਾ ਲਈ, ਵਿਆਖਿਆ ਨਹੀਂ ਕਰਦਾ।

11. ਉਹ ਸਹਿਜ ਨਾਲ ਕੀਰਤਨ ਕਰਦਾ ਹੈ। ਉਹ ਗੁਰਬਾਣੀ ਵਿਚੋਂ ਇਸ ਬਾਰੇ ਅਗਵਾਈ ਵੀ ਪ੍ਰਾਪਤ ਕਰਦਾ ਹੈ :-

**ਸਹਜੇ ਗਾਵਿਆ ਥਾਇ ਪਵੈ॥**
**ਬਿਨੁ ਸਹਜੈ ਕਥਨੀ ਬਾਦਿ॥** - ਪੰਨਾ ੬੮

(ਏ) ਗੁਰਮਤਿ ਨਾਲ ਸੰਬੰਧਤ ਗੁਣ:-ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਚਾਰਧਾਰਾ ਨੂੰ ਗੁਰਮਤਿ ਕਿਹਾ ਜਾਂਦਾ ਹੈ। ਆਦਰਸ਼ ਕੀਰਤਨੀਆਂ ਗੁਰਮਤਿ ਦੇ ਗੁਣ ਵੀ ਧਾਰਨ ਕਰਦਾ ਹੈ।

1. ਆਦਰਸ਼ ਕੀਰਤਨੀਆਂ ਲਾਲਚ ਅਧੀਨ ਕੀਰਤਨ ਨਹੀਂ ਕਰਦਾ, ਸਗੋਂ ਉਸ ਨੂੰ ਕੀਰਤਨ ਕਰਨ ਸਮੇਂ ਇਹ ਸ਼ਬਦ ਵੀ ਯਾਦ ਰਹਿੰਦਾ ਹੈ :

**ਭਲੋ ਭਲੋ ਰੇ ਕੀਰਤਨੀਆਂ॥**
**ਰਾਮ ਰਮਾ ਰਾਮਾ ਗੁਨ ਗਾਉ॥**
**ਛੋਡਿ ਮਾਇਆ ਕੇ ਧੰਧ ਸੁਆਉ॥**

ਉਹ ਕਿਸੇ ਮਾਇਆਧਾਰੀ ਵਾਸਤੇ ਪਹਿਲਾਂ ਮਿਥਿਆ ਕੀਰਤਨ ਪ੍ਰੋਗਰਾਮ ਤਬਦੀਲ ਨਹੀਂ ਕਰਦਾ।

2. ਆਦਰਸ਼ ਕੀਰਤਨੀਏ ਨੂੰ ਆਪਣੇ ਕੀਰਤਨੀਏ ਹੋਣ ਤੇ ਵੀ ਹੰਕਾਰ ਨਹੀਂ ਹੁੰਦਾ ਹੈ, ਉਹ ਸਿਰਫ ਨਿਮਰਤਾ ਭਾਵ ਨਾਲ ਹੀ ਕੀਰਤਨ ਕਰਦਾ ਹੈ, ਜਿਵੇਂ ਗੁਰਬਾਣੀ ਦਾ ਫੁਰਮਾਣ ਹੈ:-

**ਇਕਿ ਗਾਵਤ ਰਹੇ ਮਨਿ ਸਾਦੁ ਨਾ ਪਾਇ॥**
**ਹਉਮੈ ਵਿਚਿ ਗਾਵਹਿ ਬਿਰਥਾ ਜਾਇ॥** ਪੰਨਾ ੮੪

ਆਦਰਸ਼ ਕੀਰਤਨੀਆਂ ਜਦੋਂ ਕੀਰਤਨ ਕਰਦਾ ਹੈ ਉਸ ਵਿੱਚ ਸ਼ੁਕਰਾਨੇ ਦਾ ਭਾਵ ਹੁੰਦਾ ਹੈ ਜਾਂ ਅਰਦਾਸ ਦਾ ਜਾਂ ਗੁਰੂ ਪ੍ਰਮਾਤਮਾ ਦੀ ਉਸਤਤੀ ਦਾ। ਉਸ ਵਿਚੋਂ ਆਪਾ ਭਾਵ ਨਹੀਂ ਝਲਕਦਾ।

**ਆਪ ਗਵਾਇ ਸੁ ਹਰਿ ਗੁਨਿ ਗਾਉ॥** ਪੰਨਾ ੨੭੦

3. ਉਹ ਕੀਰਤਨ ਪਰੇਮ ਨਾਲ ਕਰਦਾ ਹੈ ਤੇ ਦਿਲੋਂ ਕਰਦਾ ਹੈ, ਕਿਉਂਕਿ ਉਸ ਨੂੰ ਇਹ ਪਤਾ ਹੁੰਦਾ ਹੈ:-

**ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ ਨਹੀਂ ਹਰਿ ਹਰਿ ਭੀਜੈ ਰਾਮ ਰਾਜੇ ॥**
**ਜਿਨਾ ਅੰਤਰ ਕਪਟ ਵਿਕਾਰ ਹੈ ਤਿਨਾ ਰੋਇ ਕਿਆ ਕੀਜੈ॥**

ਪ੍ਰੇਮ ਨਾਲ ਕੀਤਾ ਕੀਰਤਨ ਹੀ ਪ੍ਰਭਾਵਸ਼ਾਲੀ ਹੁੰਦਾ ਹੈ। ਜੇ ਸੰਗੀਤ ਕਲਾ ਪੱਖੋਂ ਕੀਰਤਨ ਵਿੱਚ ਪਕਿਆਈ ਤੇ ਪ੍ਰੇਮ ਵਿੱਚ ਕਚਿਆਈ ਹੈ ਤਾਂ ਕੀਰਤਨ ਪ੍ਰਵਾਨ ਹੀ ਨਹੀਂ ਹੁੰਦਾ:-

**ਜਿਸ ਨੋ ਪਰਤੀਤਿ ਹੋਵੈ॥ ਤਿਸ ਕਾ ਗਾਵਿਆ ਥਾਇ ਪਵੈ ॥**
**ਸੁ ਦਰਗਹਿ ਪਾਵੈ ਮਾਨ।॥** ਪੰਨਾ ੭੩੪

4. ਕੀਰਤਨੀਏ ਦਾ ਪਹਿਰਾਵਾ ਸਵੱਛ, ਪਰ ਸਾਦਾ ਹੁੰਦਾ ਹੈ। ਗੁਰਮਤਿ ਵਿੱਚ ਵਾਧੂ ਵਿਖਾਵੇ ਵਾਲੇ ਹਾਰ-ਸ਼ਿੰਗਾਰ ਦੀ ਮਨਾਹੀ ਹੈ।

5. ਆਦਰਸ਼ ਕੀਰਤਨੀਆਂ ਆਪਣੇ ਸਮੇਂ ਦਾ ਪਾਬੰਦ ਹੁੰਦਾ ਹੈ। ਉਹ ਕੀਰਤਨ ਸਮੇਂ ਸਿਰ ਸ਼ੁਰੂ ਕਰਦਾ ਅਤੇ ਸਮੇਂ ਸਿਰ ਸਮਾਪਤ ਕਰਦਾ ਹੈ।

ਇਹ ਆਦਰਸ਼ ਕੀਰਤਨੀਏ ਦੇ ਕੁਝ ਕੁ ਗੁਣ ਹਨ। ਉਂਜ ਜਿਹੜੇ ਗੁਣ ਅਸੀਂ ਕਿਸੇ ਚੰਗੇ ਵਿਅਕਤੀ ਵਿੱਚ ਵੇਖਦੇ ਹਾਂ, ਉਹੋਂ ਗੁਣ ਹੀ ਆਦਰਸ਼ ਕੀਰਤਨੀਏ ਵਿੱਚ ਵੀ ਹੁੰਦੇ ਹਨ। ਆਦਰਸ਼ ਕੀਰਤਨੀਆਂ ਲੋਕਾਂ ਵਿੱਚ ਹਰਮਨ੍ਹਪਿਆਰਾ ਹੁੰਦਾ ਹੈ। ਇਸ ਲਈ ਉਸ ਨੂੰ ਹਰ ਵੇਲੇ ਸੁਚੇਤ ਰਹਿਣ ਦੀ ਲੋੜ ਰਹਿੰਦੀ ਹੈ ਤਾਂ ਜੋ ਉਸ ਦੀ ਕਿਸੇ ਵੀ ਹਰਕਤ ਜਾਂ ਬੋਲ ਦਾ ਬੁਰਾ ਪ੍ਰਭਾਵ ਨਾ ਪਵੇ।

# राग पट बिहाग

गुरूबखश सिंह

राग बिहाग का यह प्रकार बिलावल ठाठ से उत्पन्न हुआ है जिसमें तीव्र मध्यम के बिना शेष सभी लक्षण बिहाग के ही हैं। इस राग के आरोह में ऋषभ, धैवत वर्जित परन्तु अवरोह सम्पूर्ण है। सभी स्वर शुद्ध हैं परन्तु कहीं कहीं गुणीजन कोमल निषाद का भी अल्प प्रयोग करते हैं। भले ही आरोह में ऋषभ तथा धैवत शास्त्र अनुसार वर्जित है परन्तु धैवत का अल्प या वक्र रूप में प्रयोग कर लिया जाता है। इसी तरह कई बार गंधार पर भी ऋषभ का कण लिया जाता है। इस राग में तीव्र मध्यम तो वर्जित है ही परन्तु शुद्ध मध्यम, मुक्त तथा न्यास पूर्वक है। इस रात्रि के राग में पंडित रामरंग जी गंधार निषाद का वाद – सँवाद दरशाते हैं परन्तु पंडित पटवर्धन जी पंचम – षड़ज। बिहाग की छाया दरशाने के लिए शायद गंधार – निषाद अधिक उचित हो।

**आरोह :** ऩि सा ग, म, प नि, सां

**अवरोह :** सां नि ध प, म, ग म [रे]ग रे सा

**मुरव्य अंग :** ऩि सा ग म, ग म [रे]ग

**चलन :** ऩि सा ग म, ग, रे सा। ऩि सा ग सा, सा ऩि सा ग म, सा प ग ग म, सा ग म प ग म [रे]ग, प म प ग, प म प ग रे सा। सा ऩि प़ ऩि सा। ग म प म प ग, [प]ग रे सा ग म प नि प, ध नि प, प ग रे सा। ग म ग रे सा। सा प म ग [रे]ग म, नि ध प, गं रें सां, रें सां नि ध प, प ध [प]म, नि प, ध म, प ग, सा ऩि सा। ग म प नि, सां नि प, सां रें सां, प नि सां गं मं गं रें सां, प ध म, [प]ग रे सा।

## पट बिहाग (त्रिताल)

*हरि जन बोलत स्रीराम नामा मिलि साधसंगति हरि तोर ॥१॥ रहाउ॥*
*हरि धनु बनजहु हरि धनु संचहु जिसु लागत है नही चोर ॥१॥*
*चात्रिक मोर बोलत दिनु राती सुनि घनिहर की घोर ॥२॥*
*जो बोलत है म्रिग मीन पंखेरू सु बिनु हरि जापत है नही होर ॥३॥*
*नानक जन हरि कीरति गाई छूटि गइओ जम का सभ सोर ॥४॥*
*( मलार महला ४ ) अंग १२६५*

# स्थाई

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | | प |
| | | | | | | | | | | | | | | | ह |
| म | ग | – | प | म | – | – | प | ग | – | (रे)ग | – | म | – | – | ग |
| र | ज | ऽ | न | बो | ऽ | ऽ | ऽ | ल | ऽ | ऽ | ऽ | त | ऽ | ऽ | स्री |
| (रे)सा | ग | म | प | ग | म | ग | रे | सा | – | ऩि | – | सा | – | – | ऩि |
| ऽ | रा | ऽ | म | ना | ऽ | ऽ | ऽ | मा | ऽ | ऽ | ऽ | ऽ | ऽ | ऽ | मि |
| सा | ग | – | म | प | – | सां | – | ध | म | प | ग | म | – | – | प |
| ल | सा | ऽ | ध | सं | ऽ | ऽ | ऽ | ग | ऽ | ऽ | ऽ | त | ऽ | ऽ | ह |
| म | ग | – | म | (रे)ग | – | – | म | ग | रेसा | ऩि | – | सा | – | –, | प |
| ऽ | र | ऽ | ऽ | तो | ऽ | ऽ | ऽ | र | ऽऽ | ऽ | ऽ | ऽ | ऽ | ऽ, | ह |
| ३ | | | | x | | | | २ | | | | ० | | | |


# अंतरा

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | | प |
| | | | | | | | | | | | | | | | ह |
| म | ग | म | प | प | – | सां | – | – | – | (नि)रें | – | सां | सां | – | सां |
| र | ध | ऽ | न | ब | ऽ | न | ऽ | ऽ | ऽ | ऽ | ऽ | ज | हु | ऽ | ह |
| गं | (रें)गं | – | मं | (रें)गं | – | रें | – | सां | सां | प | – | सां | – | – | सां |
| र | ध | ऽ | न | सं | ऽ | ऽ | ऽ | च | हु | ऽ | ऽ | ऽ | ऽ | ऽ | जि |
| नि | (ध)प | – | म | ग | – | म | – | प | म | ग | – | ग | – | – | ग |
| स | ला | ऽ | ऽ | ग | ऽ | त | ऽ | है | न | ही | ऽ | ऽ | ऽ | ऽ | चो |
| म | प | ग | म | ग | – | (रे)सा | – | ऩि | – | प़ | ऩि | सा | ऽ | ऽ, | प |
| ऽ | ऽ | ऽ | ऽ | र | ऽ | ऽ | ऽ | ऽ | ऽ | ऽ | ऽ | ऽ | ऽ | ऽ, | ह |
| ३ | | | | x | | | | २ | | | | ० | | | |

**e-mail: gurbuxsingh@gmail.com**


# EXPANDING CAPABILITIES

EPDM/PVC/TPE/TPR/ EXTRUDED PROFILES, MOULDED PARTS & WEATHER STRIPS





# PIONEERING ENGINEERING SOLUTIONS IN RUBBER & PLASTIC


















THE ALP GROUP

**Corporate Office:**
Plot No.: 32, Sector-18, HUDA, Gurgaon-122015 Haryana. India
Tel.: +91-124-4731500, 600 | web: www.alpgropup.in
E-mail: alp@anbros.com